PAIGAM-E-JAGAT
ਪੈ.ਗਾਮ-ਏ-ਜਗਤ
Title code : CHAMUL00914 | E-mail : Info@paigamejagat.com | ਐਤਵਾਰ, 5 ਜੁਲਾਈ 2026, ਸਾਲ-3, ਅੰਕ-145, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਜੇ ਤੁਸੀਂ ਜ਼ਿੰਦਗੀ ਵਿੱਚ ਸ਼ਾਂਤੀ ਚਾਹੁੰਦੇ ਹੋ, ਤਾਂ ਦੂਜਿਆਂ ਬਾਰੇ ਸ਼ਿਕਾਇਤ ਕਰਨ ਦੀ ਬਜਾਏ, ਆਪਣੇ ਆਪ ਨੂੰ ਬਦਲੋ।

ਭਾਰਤ ਨੇ ਸਭ ਤੋਂ ਵੱਡੇ ਊਰਜਾ ਸੰਕਟ 'ਤੇ ਪਾਇਆ ਕਾਬੂ : ਮੋਦੀ

- ਇੱਕ ਘਰੇਲੂ ਸਿਲੰਡਰ ਦੀ ਕੀਮਤ 2,000 ਰੁਪਏ ਤੱਕ ਪਹੁੰਚ ਸਕਦੀ ਸੀ

ਦੇਸ਼ ਦੀ ਸਭ ਤੋਂ ਆਧੁਨਿਕ ਰਾਜਸਥਾਨ ਰਿਫਾਇਨਰੀ ਦਾ ਉਦਘਾਟਨ ਕੀਤਾ

ਬਲੇਤਰਾ, 4 ਜੁਲਾਈ (ਪੈ.ਗਾਮ-ਏ-ਜਗਤ)

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਜੰਗ ਨੇ 21ਵੀਂ ਸਦੀ ਦਾ ਸਭ ਤੋਂ ਵੱਡਾ ਊਰਜਾ ਸੰਕਟ ਪੈਦਾ ਕੀਤਾ ਸੀ।

ਇਸ ਸਮੇਂ ਦੌਰਾਨ, ਭਾਰਤ ਦੀ ਮਜ਼ਬੂਤ ਸ਼ਕਤੀ ਨੇ ਸਭ ਤੋਂ ਵੱਡੇ ਸੰਕਟ ਨੂੰ ਵੀ ਘਟਾ ਦਿੱਤਾ। ਭਾਰਤ ਨੇ ਆਪਣੇ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ।

ਜੰਗ ਕਾਰਨ ਪੈਦਾ ਹੋਈ ਸਥਿਤੀ ਦੇ ਕਾਰਨ, ਘਰੇਲੂ ਗੈਸ ਦੀ ਕੀਮਤ 2,000 ਰੁਪਏ ਤੱਕ ਪਹੁੰਚ ਸਕਦੀ ਸੀ। ਸਰਕਾਰ ਨੇ ਇਸ ਸਥਿਤੀ ਨੂੰ ਚੰਗੀ ਤਰ੍ਹਾਂ ਸੰਭਾਲਿਆ। ਨਤੀਜੇ ਵਜੋਂ, ਇੱਕ ਸਿਲੰਡਰ ਲਗਭਗ 950 ਰੁਪਏ ਵਿੱਚ ਉਪਲਬਧ ਹੈ।

ਪ੍ਰਧਾਨ ਮੰਤਰੀ ਰਾਜਸਥਾਨ ਦੇ ਦੌਰੇ 'ਤੇ ਸਨ। ਦੁਪਹਿਰ 12 ਵਜੇ ਦੇ ਕਰੀਬ, ਉਹ ਪਚਪਦਰਾ, ਬਲੇਤਰਾ ਪਹੁੰਚੇ। ਇੱਥੋਂ, ਉਨ੍ਹਾਂ ਨੇ ਦੇਸ਼ ਦੀ ਸਭ ਤੋਂ ਆਧੁਨਿਕ ਰਿਫਾਇਨਰੀ ਦੇ ਕੰਟਰੋਲ ਰੂਮ ਦਾ ਦੌਰਾ ਕੀਤਾ ਅਤੇ ਮਾਹਿਰਾਂ ਨਾਲ ਗਲਬਾਤ ਕੀਤੀ। ਇਸ ਤੋਂ ਬਾਅਦ, ਉਨ੍ਹਾਂ ਨੇ ਰਿਫਾਇਨਰੀ ਦਾ ਉਦਘਾਟਨ ਕੀਤਾ ਅਤੇ ਸੋਪੂਰ ਮੋਟਰੇ ਦੇ ਫੇਜ਼ 2 ਲਈ ਨੀਂਹ ਪੱਥਰ (ਵਰਚੁਅਲ) ਵੀ ਰੱਖਿਆ।

ਇਸ ਤੋਂ ਪਹਿਲਾਂ, ਉਹ ਸ਼ਨੀਵਾਰ ਸਵੇਰੇ ਲਗਭਗ 10:40 ਵਜੇ ਜੋਧਪੁਰ ਪਹੁੰਚੇ। ਉਨ੍ਹਾਂ ਨੇ ਹਵਾਈ ਅੱਡੇ ਦੀ ਨਵੀਂ ਟਰਮੀਨਲ ਇਮਾਰਤ ਦਾ ਉਦਘਾਟਨ ਕੀਤਾ। ਉਨ੍ਹਾਂ ਨਵੇਂ ਟਰਮੀਨਲ ਦਾ ਨਿਰੀਖਣ ਕੀਤਾ। ਇੱਥੋਂ ਉਡਾਨ 2.0 ਵੀ ਲਾਂਚ ਕੀਤਾ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਜੋਧਪੁਰ ਹਵਾਈ ਅੱਡੇ ਦੇ ਟਰਮੀਨਲ ਦੇ ਮਾਡਲ ਦਾ ਨਿਰੀਖਣ ਕੀਤਾ। ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਮੁੱਖ ਮੰਤਰੀ ਭਜਨ ਲਾਲ ਸ਼ਰਮਾ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਵੀ ਮੌਜੂਦ ਸਨ। ਮੋਦੀ ਨੇ ਕਿਹਾ ਕਿ ਅਪ੍ਰੈਲ ਤੋਂ ਜੂਨ ਦੇ ਵਿਚਕਾਰ, ਪੈਟਰੋਲ ਅਤੇ ਡੀਜ਼ਲ ਕੰਪਨੀਆਂ ਨੂੰ ਸਿਰਫ 75,000 ਕਰੋੜ ਦਾ ਨੁਕਸਾਨ ਹੋਇਆ ਹੈ। ਇਹ ਇੰਨਾ ਵੱਡਾ ਸੀ ਕਿ ਇੱਕ ਨਵੀਂ ਰਿਫਾਇਨਰੀ ਬਣਾਈ ਜਾ ਸਕਦੀ ਸੀ। ਇਸ ਨੁਕਸਾਨ ਨੂੰ ਸਰਕਾਰੀ ਖਜ਼ਾਨੇ ਤੋਂ ਪੂਰਾ ਕੀਤਾ ਗਿਆ ਸੀ। ਖੁੱਧ ਦੌਰਾਨ ਭਾਰਤ ਦੀ ਦੂਜੇ ਦੇਸ਼ਾਂ ਨਾਲ ਦੋਸਤੀ ਬਹੁਤ ਲਾਭਦਾਇਕ ਸਾਬਤ ਹੋਈ। ਪਹਿਲਾਂ, 25-26 ਦੇਸ਼ਾਂ ਤੋਂ ਬਾਲਣ ਖਰੀਦ ਵਧ ਕੇ 40 ਹੋ ਗਈ। ਖੁੱਧ ਦੌਰਾਨ ਭਾਰਤ ਦੀ ਕੂਟਨੀਤੀ ਪੂਰੀ ਤਰ੍ਹਾਂ ਪ੍ਰਦਰਸ਼ਿਤ ਹੋਈ।

ਪੀਐਮ ਮੋਦੀ ਨੇ ਕਿਹਾ ਕਿ ਕਾਂਗਰਸ ਸਰਕਾਰਾਂ ਨੇ ਰਾਜਸਥਾਨ ਦੇ ਪਾਣੀ ਸੰਕਟ ਨੂੰ ਹੱਲ ਕਰਨ ਲਈ ਕੁਝ ਵੀ ਠੋਸ ਨਹੀਂ ਕੀਤਾ। ਭਾਜਪਾ ਖੇਤਰਵਾਦ ਅਤੇ ਵੰਡਣ ਵਾਲੀ ਰਾਜਨੀਤੀ ਵਿੱਚ ਸ਼ਾਮਲ ਨਹੀਂ ਹੈ। ਭਾਜਪਾ ਪਹਿਲਾਂ ਰਾਸ਼ਟਰ ਦੇ ਸਿਧਾਂਤ ਤੋਂ ਕੰਮ ਕਰਦੀ ਹੈ। ਜਦੋਂ ਅਸੀਂ ਗੁਜਰਾਤ ਵਿੱਚ ਜਲ ਸਪਲਾਈ ਯੋਜਨਾਵਾਂ 'ਤੇ ਕੰਮ ਕੀਤਾ, ਤਾਂ ਰਾਜਸਥਾਨ ਨੂੰ ਪਾਣੀ ਦੇਣ ਦਾ ਮੁੱਦਾ ਉੱਠਿਆ। ਮੋਦੀ ਨੇ ਕਿਹਾ ਕਿ ਦੇਸ਼ ਭਰ ਦੇ ਕਈ ਰਾਜਾਂ ਵਿੱਚ ਪਾਣੀ ਨੂੰ ਲੈ ਕੇ ਸੰਘਰਸ਼ ਚੱਲ ਰਿਹਾ ਸੀ। ਰਾਜਸਥਾਨ ਦੇ ਲੋਕ ਸੋਚ ਰਹੇ ਸਨ ਕਿ ਕੀ ਗੁਜਰਾਤ ਨਰਮਦਾ ਦਾ ਪਾਣੀ ਮੁਹੱਈਆ ਕਰਵਾਏਗਾ। (ਬਾਕੀ ਸਫ਼ਾ 2 'ਤੇ)

13 ਜੁਲਾਈ ਨੂੰ ਪੰਜਾਬ ਆ ਸਕਦੇ ਨੇ ਪੀਐਮ ਮੋਦੀ

- ਜਲੰਧਰ 'ਚ ਵੱਡੀ ਰੈਲੀ ਕਰਕੇ ਫਜਾਊਣਗੇ ਚੋਣ ਬਿਗੁਲ

ਜਲੰਧਰ, 4 ਜੁਲਾਈ (ਪੈ.ਗਾਮ-ਏ-ਜਗਤ)

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਹੀਨੇ ਪੰਜਾਬ ਦਾ ਦੌਰਾ ਕਰ ਸਕਦੇ ਹਨ। ਉਨ੍ਹਾਂ ਦੀ ਦੋਆਬਾ ਵਿਚ ਰੈਲੀ ਹੋ ਸਕਦੀ ਹੈ। ਰੋਲਵੇ ਦੇ ਉੱਚ ਪੱਧਰੀ ਅਤੇ ਭਰੋਸਮੰਦ ਸੂਤਰਾਂ ਦਾ ਦਾਅਵਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 13 ਜੁਲਾਈ ਨੂੰ ਜਲੰਧਰ ਕੈਂਟ ਰੇਲਵੇ ਸਟੇਸ਼ਨ ਦਾ ਉਦਘਾਟਨ ਕਰਨ ਲਈ ਨਿੱਜੀ ਤੌਰ 'ਤੇ ਪੰਜਾਬ ਆਉਣਗੇ। ਚਰਚਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਦੌਰਾ ਸਿਰਫ ਰੇਲਵੇ ਸਟੇਸ਼ਨ ਦੇ ਉਦਘਾਟਨ ਤੱਕ ਸੀਮਤ ਨਹੀਂ ਹੋਵੇਗਾ, ਜਲੰਧਰ 'ਚ ਇਕ ਵੱਡੀ ਰੈਲੀ ਕਰਨ ਦੀਆਂ ਯੋਜਨਾਵਾਂ ਵੀ ਚੱਲ ਰਹੀਆਂ ਹਨ। ਇਸ ਰੈਲੀ ਰਾਹੀਂ (ਬਾਕੀ ਸਫ਼ਾ 2 'ਤੇ)

ਪ੍ਰਧਾਨ ਮੰਤਰੀ ਮੋਦੀ ਨੂੰ ਆਸਟਰੇਲੀਆ ਦੌਰੇ ਤੋਂ ਪਹਿਲਾਂ ਜਾਨੋਂ ਮਾਰਨ ਦੀ ਧਮਕੀ

- ਆਸਟਰੇਲਿਆਈ ਫੈਡਰਲ ਪੁਲੀਸ ਜਾਂਚ ਵਿੱਚ ਜੁਟੀ
- 8 ਤੋਂ 10 ਜੁਲਾਈ ਤੱਕ ਆਸਟਰੇਲੀਆ ਦੌਰੇ 'ਤੇ ਰਹਿਣਗੇ ਪੀਐਮ ਮੋਦੀ

ਚੰਡੀਗੜ੍ਹ, (ਪੈ.ਗਾਮ-ਏ-ਜਗਤ)

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਸਟਰੇਲੀਆ ਦੌਰੇ ਤੋਂ ਪਹਿਲਾਂ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਧਮਕੀ ਤੋਂ ਬਾਅਦ ਆਸਟਰੇਲੀਆਈ ਫੈਡਰਲ ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੇ ਆਸਟਰੇਲੀਆ ਟੂਡੇ ਦੀ ਰਿਪੋਰਟ ਮੁਤਾਬਕ ਇਹ ਧਮਕੀ ਕੰਸਲਿਟ 'ਤੇ 'ਮੈਲਬੋਰਨ ਮੇਟਰੋ ਮੋਦੀ' ਪ੍ਰੋਫਾਈਲ ਦੇ ਪ੍ਰਚਾਰ ਨਾਲ ਸਬੰਧਤ ਇੱਕ ਪੋਸਟ ਦੇ ਹੇਠਾਂ ਦਿੱਤੀ ਗਈ ਸੀ। ਰਿਪੋਰਟ ਅਨੁਸਾਰ ਅਜ਼ੂ ਮੁਸਤਫਾ ਨਾਮ ਦੇ ਇੱਕ ਕੰਸਲਿਟ ਅਕਾਊਂਟ ਤੋਂ ਟਿਪਣੀ ਕਰਦੇ ਹੋਏ ਲਿਖਿਆ ਗਿਆ, 'ਪ੍ਰੋਗਰਾਮ ਦੌਰਾਨ ਸਟੇਜਿਆਨ ਦੀ ਛੋਟ ਬੰਦ ਕੀਤੀ ਜਾਵੇਗੀ ਤਾਂਕਿ ਤਾਂ ਤੁਹੀ ਆਸਟਰੇਲੀਆ ਆਪਣੀ ਮੌਤ ਲਈ ਆਵੇਗਾ।' ਇਹ ਪ੍ਰੋਫਾਈਲ 9 ਜੁਲਾਈ ਨੂੰ ਮੇਲਬੋਰਨ ਦੇ ਮਾਰਵਲ ਸਟੇਡੀਅਮ ਵਿਚ ਹੋਣ ਵਾਲੇ ਇਕ ਸਮਾਗਮ ਨਾਲ ਜੁੜੀ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 8 ਤੋਂ 10 ਜੁਲਾਈ ਤੱਕ ਆਸਟ੍ਰੇਲੀਆ ਦੇ ਦੌਰੇ 'ਤੇ ਰਹੇਂਗੇ। ਉਨ੍ਹਾਂ ਦੇ ਇਸ ਦੌਰੇ ਦੌਰਾਨ ਸੁਰੱਖਿਆ ਪ੍ਰਬੰਧ ਹੋਰ ਵੀ ਸਖਤ ਕੀਤੇ ਜਾਣ ਦੀ ਸੰਭਾਵਨਾ ਹੈ। (ਬਾਕੀ ਸਫ਼ਾ 2 'ਤੇ)

ਸੰਸਦ ਦਾ ਮਾਨਸੂਨ ਸੈਸ਼ਨ 20 ਜੁਲਾਈ ਤੋਂ 13 ਅਗਸਤ ਤੱਕ ਹੋਵੇਗਾ

ਰਾਸ਼ਟਰਪਤੀ ਨੇ ਦਿੱਤੀ ਪ੍ਰਵਾਨਗੀ

ਨਵੀਂ ਦਿੱਲੀ, 4 ਜੁਲਾਈ (ਪੈ.ਗਾਮ-ਏ-ਜਗਤ)

ਸੰਸਦ ਦਾ ਮਾਨਸੂਨ ਸੈਸ਼ਨ 20 ਜੁਲਾਈ ਨੂੰ ਸ਼ੁਰੂ ਹੋਵੇਗਾ। ਕੇਂਦਰੀ ਮੰਤਰੀ ਕਿਰੇਨ ਰਿਜੀਜੂ ਨੇ ਆਪਣੇ ਐਕਸ ਹੈਂਡਲ 'ਤੇ ਇੱਕ ਪੋਸਟ ਵਿੱਚ ਕਿਹਾ ਕਿ, ਭਾਰਤ ਸਰਕਾਰ ਦੀ ਸਿਫਾਰਸ਼ 'ਤੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ 20 ਜੁਲਾਈ ਤੋਂ 13 ਅਗਸਤ ਤੱਕ ਸੰਸਦ ਦੇ ਦੋਵਾਂ ਸਦਨਾਂ ਨੂੰ ਬੁਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਸੰਸਦੀ ਪਰੰਪਰਾ ਦੇ ਅਨੁਸਾਰ, ਮਾਨਸੂਨ ਸੈਸ਼ਨ ਰਾਸ਼ਟਰਪਤੀ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨਾਲ ਸ਼ੁਰੂ ਹੋਵੇਗਾ। ਰਾਸ਼ਟਰਪਤੀ ਦੇ ਭਾਸ਼ਣ ਸੰਬੰਧੀ ਧੰਨਵਾਦ ਪ੍ਰਸਤਾਵ 'ਤੇ ਦੋਵਾਂ ਸਦਨਾਂ ਵਿੱਚ ਚਰਚਾ ਵੀ ਹੋਵੇਗੀ। ਇਸ ਮਾਨਸੂਨ ਸੈਸ਼ਨ ਦੌਰਾਨ, ਜੋ ਲਗਭਗ ਤਿੰਨ ਹਫ਼ਤੇ ਚੱਲੇਗਾ, ਸਰਕਾਰ ਕਈ ਮੁੱਖ ਬਿੱਲਾਂ ਨੂੰ ਪਾਸ ਕਰਨ ਦਾ ਟੀਚਾ ਰੱਖੇਗੀ।

ਸੰਸਦੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਕਿਰੇਨ ਰਿਜੀਜੂ ਨੇ ਆਪਣੇ ਐਕਸ ਹੈਂਡਲ 'ਤੇ ਲਿਖਿਆ ਕਿ, ਭਾਰਤ ਸਰਕਾਰ ਦੀ ਸਿਫਾਰਸ਼ 'ਤੇ, ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਆਨਮਾਨ ਸੈਸ਼ਨ ਲਈ ਸੰਸਦ ਦੇ ਦੋਵਾਂ ਸਦਨਾਂ ਨੂੰ ਬੁਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਸੈਸ਼ਨ 20 ਜੁਲਾਈ ਤੋਂ 13 ਅਗਸਤ ਤੱਕ ਚੱਲੇਗਾ। ਰਿਜੀਜੂ ਨੇ ਕਿਹਾ ਕਿ ਮਾਨਸੂਨ ਸੈਸ਼ਨ ਦੌਰਾਨ ਰਾਸ਼ਟਰੀ ਮਹੱਤਵ ਦੇ ਮੁੱਦਿਆਂ 'ਤੇ ਸਾਰਥਕ ਬਹਿਸਾਂ, ਵਿਚਾਰ-ਵਟਾਂਦਰੇ ਅਤੇ ਫੈਸਲੇ ਲਏ ਜਾਣਗੇ।

ਬਦਰੀਨਾਥ ਮੰਦਰ ਵਿੱਚ ਦਾਨ ਚੋਰੀ ਦੇ ਦੋਸ਼; ਮੰਦਰ ਟਰੱਸਟ ਨੇ ਜਾਂਚ ਦੇ ਦਿੱਤੇ ਆਦੇਸ਼

- ਕਾਲ ਭੈਰਵ ਸੇਨਾ ਦੇ ਪ੍ਰਧਾਨ ਸੰਜੀਵ ਖੱਤਰੀ ਨੇ ਦੋਸ਼ ਲਾਇਆ ਕਿ ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਨਾਲ ਜੁੜੇ ਇੱਕ ਕਰਮਚਾਰੀ ਨੇ ਸ਼ਰਧਾਲੂਆਂ ਦੇ ਚੜ੍ਹਾਵੇ ਨਾਲ ਛੇੜਛਾੜ ਕੀਤੀ

ਚੰਡੀਗੜ੍ਹ, 4 ਜੁਲਾਈ (ਪੈ.ਗਾਮ-ਏ-ਜਗਤ)

ਬਦਰੀਨਾਥ ਮੰਦਰ ਪ੍ਰਬੰਧਨ ਨੇ ਸੋਸ਼ਲ ਮੀਡੀਆ 'ਤੇ ਲੱਗੇ ਉਨ੍ਹਾਂ ਦੋਸ਼ਾਂ ਤੋਂ ਬਾਅਦ ਇੱਕ ਅੰਦਰੂਨੀ ਜਾਂਚ ਦੇ ਆਦੇਸ਼ ਦਿੱਤੇ ਹਨ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਮੰਦਰ ਦੇ ਇੱਕ ਕਰਮਚਾਰੀ ਵੱਲੋਂ ਸ਼ਰਧਾਲੂਆਂ ਵੱਲੋਂ ਚੜ੍ਹਾਏ ਗਏ ਦਾਨ ਅਤੇ ਚੜ੍ਹਾਵੇ ਵਿੱਚ ਹੇਰਾਫੇਰੀ ਕੀਤੀ ਗਈ ਹੈ।

ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਕਾਲ ਭੈਰਵ ਸੇਨਾ ਦੇ ਪ੍ਰਧਾਨ ਸੰਜੀਵ ਖੱਤਰੀ ਨੇ ਦੋਸ਼ ਲਾਇਆ ਕਿ ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਨਾਲ ਜੁੜੇ ਇੱਕ ਕਰਮਚਾਰੀ ਨੇ ਸ਼ਰਧਾਲੂਆਂ ਦੇ ਚੜ੍ਹਾਵੇ ਨਾਲ ਛੇੜਛਾੜ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਕਥਿਤ ਘਟਨਾ ਸਵੇਰੇ 8 ਵਜੇ ਤੋਂ 8.30 ਵਜੇ ਦੇ ਵਿਚਕਾਰ ਵਾਪਰੀ ਅਤੇ ਉਨ੍ਹਾਂ ਮੰਗ ਕੀਤੀ ਕਿ ਮੰਦਰ ਦੇ ਅੰਦਰ ਲੱਗੇ

ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਜਨਤਕ ਕੀਤਾ ਜਾਵੇ। ਇਸ ਤੋਂ ਬਾਅਦ ਇਹ ਦੋਸ਼ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਗਏ।

ਇਨ੍ਹਾਂ ਦਾਅਵਿਆਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਬਦਰੀਨਾਥ-ਕੇਦਾਰਨਾਥ ਮੰਦਰ ਕਮੇਟੀ ਦੇ ਚੇਅਰਮੈਨ ਹੇਮੰਤ ਦਿਵਵੇਦੀ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਲਈ ਇੱਕ ਅੰਦਰੂਨੀ ਜਾਂਚ ਕਮੇਟੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਤੋਂ ਬਾਅਦ ਜ਼ੋਰਦਾਰ ਕੋਈ ਵੀ ਕਰਮਚਾਰੀ ਦੋਸ਼ੀ ਪਾਇਆ ਗਿਆ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ, ਦਿਵਵੇਦੀ ਨੇ ਇੰਟਰਨੈੱਟ 'ਤੇ ਚੱਲ ਰਹੇ ਉਨ੍ਹਾਂ ਦਾਅਵਿਆਂ ਨੂੰ (ਬਾਕੀ ਸਫ਼ਾ 2 'ਤੇ)

ਸੋਨੇ ਦੀਆਂ ਕੀਮਤਾਂ 6,471 ਰੁਪਏ ਵਧ ਕੇ 1.46 ਲੱਖ ਤੱਕ ਪਹੁੰਚਿਆਂ

- ਚਾਂਦੀ 17,317 ਰੁਪਏ ਵਧ ਕੇ 2.34 ਲੱਖ ਤੱਕ ਪਹੁੰਚ ਗਈ

ਨਵੀਂ ਦਿੱਲੀ, (ਪੈ.ਗਾਮ-ਏ-ਜਗਤ)

ਇਸ ਹਫ਼ਤੇ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਵਾਧਾ ਦੇਖਣ ਨੂੰ ਮਿਲਿਆ। ਸੋਨੇ ਦੀ ਕੀਮਤ ਹਫ਼ਤੇ ਦੌਰਾਨ 6,471 ਰੁਪਏ ਵਧ ਕੇ 1.46 ਲੱਖ ਪ੍ਰਤੀ 10 ਗ੍ਰਾਮ ਤੱਕ ਪਹੁੰਚ ਗਈ; ਪਹਿਲਾਂ, 25 ਜੂਨ ਨੂੰ, ਇਹ 1.40 ਲੱਖ ਸੀ।

ਇਸ ਦੌਰਾਨ, ਚਾਂਦੀ ਦੀ ਕੀਮਤ 2.17 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵਧ ਕੇ 2.34 ਲੱਖ ਹੋ ਗਈ—17,317 ਰੁਪਏ ਦਾ ਵਾਧਾ। ਕਿਉਂਕਿ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਆਪਣੇ ਸਭ ਤੋਂ ਉੱਚੇ ਪੱਧਰ ਤੋਂ ਕਾਫ਼ੀ ਡਿੱਗ ਗਈਆਂ ਸਨ, ਇਸ ਹਾਲੀਆ ਵਾਧੇ ਨੂੰ ਨਿਵੇਸ਼ਕਾਂ ਦੁਆਰਾ ਹੇਠਲੇ ਪੱਧਰ 'ਤੇ ਖਰੀਦਦਾਰੀ ਦੁਆਰਾ ਚਲਾਇਆ ਗਿਆ।

ਇਸ ਸਾਲ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਲਗਾਤਾਰ ਉਤਰਾਅ-ਚੜ੍ਹਾਅ ਦੇਖਣ ਨੂੰ ਮਿਲਿਆ ਹੈ। 2026 ਵਿੱਚ ਹੁਣ ਤੱਕ, ਸੋਨਾ 13,145 ਰੁਪਏ ਅਤੇ ਚਾਂਦੀ 3,438 ਰੁਪਏ ਮਹਿੰਗਾ ਹੋ ਗਿਆ ਹੈ। 31 ਦਸੰਬਰ, 2025 ਨੂੰ, 10 ਗ੍ਰਾਮ ਸੋਨੇ ਦੀ ਕੀਮਤ 1.33 ਲੱਖ ਰੁਪਏ ਸੀ, ਜੋ ਹੁਣ 1.46 ਲੱਖ ਤੱਕ ਪਹੁੰਚ ਗਈ ਹੈ।

ਇਸੇ ਤਰ੍ਹਾਂ, ਚਾਂਦੀ ਦੀ ਕੀਮਤ 2.30 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਸੀ, ਜੋ ਹੁਣ 2.34 ਲੱਖ ਤੱਕ ਪਹੁੰਚ ਗਈ ਹੈ। ਇਸ ਸਮੇਂ ਦੌਰਾਨ, ਸੋਨਾ 1.76 ਲੱਖ ਦੇ ਸਰਵਕਾਲੀਨ ਉੱਚ ਪੱਧਰ 'ਤੇ ਪਹੁੰਚ ਗਿਆ ਸੀ ਅਤੇ ਚਾਂਦੀ 3.86 ਲੱਖ ਦੇ ਸਰਵਕਾਲੀਨ ਉੱਚ ਪੱਧਰ 'ਤੇ ਪਹੁੰਚ ਗਈ ਸੀ।

ਚੰਡੀਗੜ੍ਹ ਮੈਡੀਕਲ ਸਟੋਰ ਕਤਲਕਾਂਡ ਦਾ ਮਾਸਟਰਮਾਈਂਡ 'ਗੈਂਗਸਟਰ ਗੋਲਡੀ ਢਿੱਲੋਂ' ਸਪੇਨ 'ਚ ਗ੍ਰਿਫ਼ਤਾਰ

- ਕਦੇ ਲਾਰੈਂਸ ਬਿਸ਼ਨੋਈ ਦਾ ਸੀ ਕਰੀਬੀ; ਭਾਰਤ ਲਿਆਉਣ ਦੀ ਤਿਆਰੀ

ਚੰਡੀਗੜ੍ਹ, 4 ਜੁਲਾਈ (ਪੈ.ਗਾਮ-ਏ-ਜਗਤ)

ਸਪੇਨ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿਥੇ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਦੌਰਾਨ ਭਾਰਤੀ ਸੁਰੱਖਿਆ ਏਜੰਸੀਆਂ ਅਤੇ ਪੰਜਾਬ ਪੁਲਸ ਦੀ ਅਹਮ ਨਾਲ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਢਿੱਲੋਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਗੋਲਡੀ ਢਿੱਲੋਂ ਪਿਛਲੇ ਮਹੀਨੇ ਚੰਡੀਗੜ੍ਹ ਦੇ ਸੈਕਟਰ-11 ਸਥਿਤ ਸ੍ਰੀ ਕੁਮਾਰ ਮੈਡੀਕਲ ਹਾਲ' ਦੇ ਕੈਸ਼ੀਅਰ ਜਾਨਕੀ ਦਾਸ ਦੇ ਦਿਨ-ਦਿਹਾੜੇ ਹੋਏ ਹਾਈ-ਪ੍ਰੋਫਾਈਲ ਕਤਲਕਾਂਡ ਦਾ ਮਾਸਟਰਮਾਈਂਡ ਹੈ। ਇਸ ਤੋਂ ਇਲਾਵਾ ਉਸ 'ਤੇ ਇੱਕ ਵਿਧਾਇਕ ਨੂੰ ਧਮਕੀ ਦੇਣ ਦਾ ਵੀ ਇਲਜ਼ਾਮ ਹੈ।



ਗੋਲਡੀ ਢਿੱਲੋਂ ਰਾਸ਼ਟਰੀ ਜਾਂਚ ਏਜੰਸੀ-ਐਨ ਆਈ ਏ. ਨੂੰ ਵੀ ਵਾਂਟੇਡ ਹੈ। ਉਸ ਦੀ ਗ੍ਰਿਫ਼ਤਾਰੀ ਜਾਂ ਕੋਈ ਵੀ ਸੂਚਨਾ ਦੇਣ ਲਈ NIA ਨੇ 10 ਲੱਖ ਰੁਪਏ ਦੇ ਨਕਦ ਇਨਾਮ ਦਾ ਐਲਾਨ ਕੀਤਾ ਹੋਇਆ ਸੀ। ਸੁਰੱਖਿਆ ਏਜੰਸੀਆਂ ਪਿਛਲੇ ਕਈ ਮਹੀਨਿਆਂ ਤੋਂ ਵਿਦੇਸ਼ਾਂ ਵਿੱਚ ਉਸ '

ਵਿਧਾਇਕ ਕੁਲਵੰਤ ਸਿੰਘ ਨੇ ਲੋਕ ਮਿਲਣੀ ਦੌਰਾਨ ਰਾਏਪੁਰ ਖੁਰਦ ਅਤੇ ਸੁੱਖਗੜ੍ਹ ਦੇ ਵਿਕਾਸ ਕਾਰਜਾਂ ਦਾ ਲਿਆ ਜਾਇਜ਼ਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 4 ਜੁਲਾਈ (ਪੈਗ਼ਾਮ-ਏ-ਜਗਤ)

ਵਿਧਾਨ ਸਭਾ ਹਲਕਾ ਮੋਹਾਲੀ ਅਧੀਨ ਕਰਵਾਏ ਜਾ ਰਹੇ ਲੋਕ ਮਿਲਣੀ ਪ੍ਰੋਗਰਾਮਾਂ ਦੀ ਲੜੀ ਤਹਿਤ ਵਿਧਾਇਕ ਕੁਲਵੰਤ ਸਿੰਘ ਨੇ ਅੱਜ ਪਿੰਡ ਰਾਏਪੁਰ ਖੁਰਦ ਅਤੇ ਸੁੱਖਗੜ੍ਹ ਦਾ ਦੌਰਾ ਕਰਕੇ ਲੋਕਾਂ ਨਾਲ ਰੂਬਰੂ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਯੋਗ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਕੇਂਦਰਿਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਵਚਨਬੰਧ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬਿਜਲੀ, ਸਿਹਤ, ਸਿੱਖਿਆ, ਰੁਜ਼ਗਾਰ ਅਤੇ ਸਮਾਜਿਕ ਭਲਾਈ ਦੇ ਖੇਤਰਾਂ ਵਿੱਚ ਸ਼ੁਰੂ ਕੀਤੀਆਂ ਗਈਆਂ ਲੋਕ-ਪੱਖੀ ਯੋਜਨਾਵਾਂ ਦਾ ਲਾਭ ਸੂਬੇ ਦੇ ਹਰ ਵਰਗ ਤੱਕ ਪਹੁੰਚ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਸਰਕਾਰ ਨੇ ਵੱਡੇ ਪੱਧਰ 'ਤੇ ਪੂਰਾ ਕੀਤਾ ਹੈ ਅਤੇ ਇਸ ਤੋਂ ਅੱਗੇ ਵਧਦਿਆਂ

- **ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਮੌਕੇ 'ਤੇ ਨਿਪਟਾਰੇ ਲਈ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼**

ਪੰਜਾਬ ਦੇ ਸਰਬਪੱਖੀ ਵਿਕਾਸ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।

ਵਿਧਾਇਕ ਨੇ ਕਿਹਾ ਕਿ ਸਰਕਾਰ ਬਣਨ ਉਪਰੰਤ 600 ਯੂਨਿਟ ਤੱਕ ਮੁਫ਼ਤ ਬਿਜਲੀ ਦੀ ਸਹੂਲਤ ਲਾਗੂ ਕੀਤੀ ਗਈ, ਜਿਸ ਦਾ ਲਾਭ ਵੱਡੀ ਗਿਣਤੀ ਵਿੱਚ ਪਰਿਵਾਰਾਂ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਖੇਤਰ ਵਿੱਚ ਮੁਹੱਲਾ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਡਾਕਟਰੀ ਸਲਾਹ, ਜਾਂਚਾਂ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਕਲੀਨਿਕਾਂ ਤੋਂ ਕਰੋੜਾਂ ਲੋਕ ਲਾਭ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ, ਜਿਸ ਨਾਲ ਲੱਖਾਂ ਪਰਿਵਾਰਾਂ ਨੂੰ ਸੁਰੱਖਿਆ ਮਿਲ ਰਹੀ ਹੈ। ਸਿੱਖਿਆ ਖੇਤਰ ਵਿੱਚ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਨਵੇਂ ਕਮਰੇ ਬਣਾਉਣ ਅਤੇ ਲੋੜੀਂਦਾ ਸਟਾਫ ਮੁਹੱਈਆ ਕਰਵਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਰੁਜ਼ਗਾਰ ਦੇ ਮੁੱਦੇ 'ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਹਜ਼ਾਰਾਂ ਨੌਜਵਾਨਾਂ ਨੂੰ ਪੱਕੀਆਂ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਕੱਚੇ ਮੁਲਾਜ਼ਮਾਂ ਨੂੰ ਵੀ ਪੱਕਾ ਕਰਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ।

ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਪਿੰਡ ਸੁੱਖਗੜ੍ਹ ਦੀ ਫਿਰਨੀ ਲਈ ਰੇਗਲਾ ਪੰਜਾਬ ਸਕੀਮ ਤਹਿਤ 2 ਲੱਖ ਰੁਪਏ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਜਨਰਲ ਧਰਮਸ਼ਾਲਾ ਲਈ 5 ਲੱਖ ਰੁਪਏ ਅਤੇ ਫਿਰਨੀ 'ਤੇ ਪੇਵਰ ਲਗਾਉਣ ਲਈ 4 ਲੱਖ ਰੁਪਏ ਰੇਗਲਾ ਪੰਜਾਬ-3 ਸਕੀਮ ਤਹਿਤ ਜਲਦੀ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪਿੰਡ ਰਾਏਪੁਰ ਖੁਰਦ ਵਿੱਚ ਰੇਗਲਾ ਪੰਜਾਬ-2 ਸਕੀਮ ਤਹਿਤ ਆਂਗਣਵਾੜੀ ਸੈਂਟਰ ਲਈ 4 ਲੱਖ ਰੁਪਏ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਰੇਗਲਾ ਪੰਜਾਬ-3 ਤਹਿਤ ਆਂਗਣਵਾੜੀ ਸੈਂਟਰ ਲਈ ਹੋਰ 4 ਲੱਖ ਰੁਪਏ ਅਤੇ ਪੇਚਾਇਤੀ ਘਰ ਲਈ 5 ਲੱਖ ਰੁਪਏ ਵੀ ਜਲਦ ਜਾਰੀ ਕੀਤੇ ਜਾਣਗੇ। ਇਸ ਮੌਕੇ ਸਰਪੰਚ ਕੁਲਵੀਰ ਕੌਰ, ਬਲਕਾਰ ਸਿੰਘ, ਸੀਨੀਅਰ ਡਿਪਟੀ ਮੇਅਰ ਕੁਲਦੀਪ ਸਿੰਘ ਸਮਾਣਾ, ਡਿਪਟੀ ਮੇਅਰ ਰਾਜਿੰਦਰ ਪ੍ਰਸਾਦ ਸ਼ਰਮਾ, ਹਰਪਾਲ ਸਿੰਘ ਚੰਨਾ ਸਮੇਤ ਹੋਰ ਪਤਵੰਤੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਮੈਡਮ ਬਖ਼ਸ਼ ਸੰਘਾ ਦੀ ਪੁਸਤਕ 'ਤੁਰ ਚਾਨਣ ਦੀ ਤੋਰ' ਦਾ ਵਿਮੋਚਨ ਅਤੇ ਕਵੀ ਦਰਬਾਰ

ਚੰਡੀਗੜ੍ਹ, 4 ਜੁਲਾਈ (ਪੈਗ਼ਾਮ-ਏ-ਜਗਤ)

ਐਡਮਿੰਟਨ ਕਨੇਡਾ ਦੀ ਖੂਬਸੂਰਤ ਐਡਮਿੰਟਨ ਪਬਲਿਕ ਲਾਇਬ੍ਰੇਰੀ ਮੈਡਜ਼ 17 ਸਟਰੇਟ ਵਿਖੇ ਸਭ ਰੰਗ ਸਾਹਿਤ ਸਭਾ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਸਾਂਝੇ ਉਦਮ ਨਾਲ ਪ੍ਰਸਿੱਧ ਕਵਿਤਰੀ ਮੈਡਮ ਬਖ਼ਸ਼ ਸੰਘਾ ਦੀ ਪੁਸਤਕ 'ਤੁਰ ਚਾਨਣ ਦੀ ਤੋਰ' ਦਾ ਵਿਮੋਚਨ ਅਤੇ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰਸਿੱਧ ਕਵੀ ਅਤੇ ਕਥਾਵਾਚਕ ਦਲਬੀਰ ਸਿੰਘ ਰਿਆਣ, ਅੰਮ੍ਰਿਤਪਾਲ ਸਿੰਘ ਅੰਮ੍ਰਿਤ ਅਤੇ ਸਤਨਾਮ ਸਿੰਘ ਗਾਹਲੇ ਨੇ ਕੀਤੀ। ਸਭ ਰੰਗ ਸਾਹਿਤ ਸਭਾ ਦੇ ਸਰਪ੍ਰਸਤ ਬਲਵਿੰਦਰ ਬਾਲਮ ਨੇ ਪੁਸਤਕ 'ਤੁਰ ਚਾਨਣ ਦੀ ਤੋਰ' ਉੱਪਰ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਇਹ ਬੋਲੀਆਂ ਅਤੇ ਟੱਪਿਆਂ ਉੱਪਰ ਲਿਖੀ ਗਈ ਪੁਸਤਕ ਹੈ। ਇਸ ਵਿੱਚ 668 ਬੋਲੀਆਂ ਅਤੇ 245 ਟੱਪੇ ਹਨ। ਇਹ ਬੋਲੀਆਂ ਪਰੰਪਰਾਵਾਂ ਤੋਂ ਹਟ ਕੇ ਆਧੁਨਿਕ ਤਕਨੀਕ ਸ਼ੈਲੀ ਜ਼ਿਲ੍ਹਾ ਉੱਪਰ ਸਮਾਜਿਕ ਤਬਦੀਲੀਆਂ ਨਾਲ ਜੂਝ ਰਹੇ ਲੋਕਾਂ ਦੇ ਦੁੱਖ ਸੁੱਖ ਤੇ ਦਰਪੇਸ਼ ਮੁਸ਼ਕਲਾਂ ਉੱਪਰ ਸਚਾਈ ਅਤੇ ਰਿਸ਼ਤਿਆਂ ਦੀ ਟੁੱਟ ਭੱਜ ਉੱਪਰ ਤਿੱਖਾ ਕਟਾਖ਼ਸ਼ ਕਰਦੀਆਂ ਹਨ। ਇਹ ਬੋਲੀਆਂ ਇੱਕ ਨਵਾਂ ਪੁਚੋਰ ਹੈ। ਮੈਡਮ ਬਖ਼ਸ਼ ਨੇ ਵਰਤਮਾਨ ਦੇ ਵੱਖ-ਵੱਖ ਵਿਸ਼ਿਆਂ ਉੱਪਰ ਜਿਵੇਂ ਕਿ ਲਹੂ ਮਾਸ ਤੇ, ਪੋਕਿਆਂ ਵਾਲੇ ਦੇ ਰਿਸ਼ਤਿਆਂ ਅਤੇ ਸਾਕ, ਅਰਥ ਮਰਦ ਦੇ ਸੰਬੰਧਾਂ ਨੂੰ, ਸੰਸ ਅਤੇ ਸਹੁਰਿਆਂ ਵੱਲ ਰਿਸ਼ਤਿਆਂ ਬਾਰੇ, ਸਾਧਾਂ ਦੇ ਡੇਰਿਆਂ ਬਾਰੇ, ਕਿਸਾਨਾਂ ਨਾਲ ਸੰਬੰਧਿਤ, ਦਾਜ ਸਬੰਧੀ, ਸਾਮਜਿਕ ਤੇ ਰਾਜਨੀਤਿਕ ਹਾਲਾਤਾਂ ਬਾਰੇ, ਪੁਆਸ ਸਬੰਧੀ ਅਤੇ ਬਾਬਲ ਨੇ ਵਰ ਟੋਲਿਆ ਉੱਪਰ ਮਰਮ ਸਪਰਸੀ ਬੋਲੀਆਂ ਤੇ ਟੱਪੇ ਲਿਖ ਕੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਹਨ। ਬੋਲੀਆਂ ਅਤੇ ਟੱਪਿਆਂ ਵਿਚਲੀ ਲੈਅ, ਤਕਨੀਕ, ਬਿੰਬ, ਪ੍ਰਤੀਕ, ਅਲੰਕਾਰ ਆਦਿ ਮਿਲ ਕੇ ਆਪਣੇ ਆਪ ਵਿੱਚ ਕਹਾਣਕਾਰੀ, ਸੂਕਤੀਆਂ ਅਤੇ ਲੋਕੋਕਤੀਆਂ ਦਾ ਰੂਪ ਵੀ ਲੈ ਲੈਂਦੇ ਹਨ। ਇਹਨਾਂ ਵਿੱਚ ਪਰੰਪ੍ਰਿਕ ਅਤੇ ਵਿਹਾਰਕ ਕਥਨ ਪ੍ਰਤੀਤ ਹੁੰਦੇ ਹਨ। ਅਨੁਭਵ, ਸੰਭਿਆਚਾਰ ਅਤੇ ਸਿੱਖਿਆ ਤੇ ਅਧਾਰਤ ਪੁਭਾਵਸ਼ਾਲੀ ਸਿਰਜਣਾ ਹੈ। ਆਮ ਬੋਲ ਚਾਲ ਦੀ ਭਾਸ਼ਾ ਵਿੱਚ ਵਾਕ ਬੁਣਤ ਪੁਭਾਵਸ਼ਾਲੀ ਤੇ ਸਟੀਕਤਾ ਦੇ ਪਰਾਏਵਾਚੀ ਹਨ। ਬੋਲੀਆਂ ਗੀਤਾਂ ਦਾ ਹੀ ਦੂਸਰਾ ਨਾਮ ਹੈ। ਖਾਸ ਤੌਰ ਤੇ ਕਨੇਡਾ ਵਿੱਚ ਰਹਿੰਦੇ ਪੰਜਾਬੀਆਂ ਦੇ ਵਰਤਮਾਨ ਹਾਲਾਤਾਂ ਉੱਪਰ, ਰਿਸ਼ਤਿਆਂ ਦੀ ਟੁੱਟ ਭੱਜ ਅਤੇ ਕਾਰਜਾਂ ਦੇ ਤੌਰ ਤਰੀਕਿਆਂ ਨਾਲ ਪ੍ਰਵੇਸ਼ ਗਲਤ ਢੰਗਾਂ ਨਾਲ ਕਾਨੂੰਨ ਦੀ ਦੁਰਵਰਤੋਂ ਕਰਦੇ ਹੋਏ ਪੈਸੇ ਦੀ ਦੌੜ ਦਾ ਜ਼ਿਕਰ ਵੀ ਕੀਤਾ ਹੈ। ਮੈਡਮ ਬਕਸ਼ਸ਼ ਦਾ ਇਹ ਇੱਕ ਖੰਜ ਕਾਰਜ ਹੈ ਜੋ ਸਲਾਹਣ ਯੋਗ ਹੈ। ਉਹ ਮੁਬਾਰਕ ਦੇ ਹੱਕਦਾਰ ਹਨ। ਕਵੀ ਦਰਬਾਰ ਵਿੱਚ ਦਲਬੀਰ ਸਿੰਘ ਰਿਆਣ, ਅੰਮ੍ਰਿਤ ਪਾਲ ਅੰਮ੍ਰਿਤ, ਬਲਵਿੰਦਰ ਬਾਲਮ, ਸਤਨਾਮ ਸਿੰਘ ਗਾਹਲੇ, ਕਰਨੈਲ ਸਿੰਘ ਜਰਮਨੀ, ਜਸਵੀਰ ਸਿੰਘ ਸੰਘਾ, ਦਰਸ਼ਨ ਸਿੰਘ, ਸੁਖਦੇਵ ਸਿੰਘ, ਨਰਿਦਰ ਸਿੰਘ ਮੋਨੇਸਰ, ਹਰਜਿੰਦਰ ਸਿੰਘ, ਡੀ ਐਸ ਪਾਰਸ, ਸਵਰਨ ਸਿੰਘ ਬਰਾੜ, ਜੋਗਿੰਦਰ ਸਿੰਘ ਬਰਾੜ, ਸੁਖਵਿੰਦਰ ਸਿੰਘ ਢਿੱਲੋਂ, ਦਰਸ਼ਨ ਸਿੰਘ ਸਰਾਂ, ਭੁਪਿੰਦਰ ਸਿੰਘ ਸੰਧੂ, ਉਦਮੁਨਾਣ ਸਿੰਘ ਗਿੱਲ, ਅਮਰਜੀਤ ਸਿੰਘ ਬਰਾੜ, ਸਰਬਜੀਤ ਸਿੰਘ ਸਿੱਧੂ ਅਤੇ ਅਮਲੋਰ ਸਿੰਘ ਗਾਏ ਨੇ ਭਾਗ ਲਿਆ। ਮੰਚ ਸੰਚਾਲਨ ਦੀ ਭੂਮਿਕਾ ਕਰਨੈਲ ਸਿੰਘ ਨੇ ਬਾਖੂਬੀ ਨਿਭਾਈ।

ਅੱਜ ਹੋਵੇਗਾ ਜ਼ਿਲ੍ਹਾ ਪੱਧਰੀ ਗ੍ਰੀਨਾਥਾਨ-ਵਣ ਮਹੋਤਸਵ 2026

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 4 ਜੁਲਾਈ (ਪੈਗ਼ਾਮ-ਏ-ਜਗਤ)

ਵਣ ਮਹੋਤਸਵ-2026 ਦੇ ਸਬੰਧ ਵਿੱਚ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਵੱਲੋਂ ਡਿਵੀਜ਼ਨਲ ਫਾਰੇਸਟ ਅਫ਼ਸਰ, ਐੱਸ.ਏ.ਐੱਸ. ਨਗਰ ਸ੍ਰੀ ਅਮਨੀਤ ਸਿੰਘ, ਆਈ.ਐੱਫ.ਐੱਸ. ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ +ਗ੍ਰੀਨਾਥਾਨ-ਵਣ ਮਹੋਤਸਵ 2026+ ਦਾ ਆਯੋਜਨ ਐਤਵਾਰ, 5 ਜੁਲਾਈ ਨੂੰ ਕੀਤਾ ਜਾ ਰਿਹਾ ਹੈ। ਇਸ ਉਪਰਾਲੇ ਦਾ ਉਦੇਸ਼ ਵਾਤਾਵਰਣ ਸੁਰੱਖਿਆ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ, ਹਰਿਆਵਲ ਨੂੰ ਉਤਸ਼ਾਹਿਤ ਕਰਨਾ ਅਤੇ ਰੁੱਖ ਲਗਾਉਣ ਦੇ ਸੰਦੇਸ਼ ਨੂੰ ਜਨ-ਅੰਦੋਲਨ ਦਾ ਰੂਪ ਦੇਣਾ ਹੈ।

ਇਹ ਸਮਾਗਮ ਵੇਜ਼-5 ਪਾਰਕਿੰਗ, ਬੋਗਨਵਿਲੀਆ ਪਾਰਕ ਦੇ ਸਾਹਮਣੇ, ਮੋਹਾਲੀ ਤੋਂ ਆਰੰਭ ਹੋ ਕੇ ਸ੍ਰੀ ਅੰਬ ਸਾਹਿਬ ਗੁਰਦੁਆਰਾ, ਮੋਹਾਲੀ ਵਿਖੇ ਸਮਾਪਤ ਹੋਵੇਗਾ। ਲਗਭਗ 3 ਕਿਲੋਮੀਟਰ ਦੇ ਰੂਟ ਲਈ ਭਾਗੀਦਾਰਾਂ ਨੂੰ ਸਵੇਰੇ 5:30 ਵਜੇ ਤੱਕ ਪਹੁੰਚਣ ਦੀ ਅਪੀਲ ਕੀਤੀ

- **ਦੌੜ, ਗ੍ਰੀਨ ਸਾਈਕਲ ਰੈਲੀ ਅਤੇ ਰੁੱਖ ਲਗਾਉਣ ਰਾਹੀਂ ਵਾਤਾਵਰਣ ਸੰਭਾਲ ਦਾ ਦਿੱਤਾ ਜਾਵੇਗਾ ਸੰਦੇਸ਼**

ਗਈ ਹੈ। ਸਵੇਰੇ 6:00 ਵਜੇ ਵਾਰਮ-ਅੱਪ ਸੈਸ਼ਨ ਉਪਰੰਤ ਸਵੇਰੇ 6:30 ਵਜੇ ਮੁੱਖ ਸਮਾਗਮ ਵੱਲੋਂ ਗ੍ਰੀਨਾਥਾਨ ਦੌੜ ਅਤੇ ਗ੍ਰੀਨ ਸਾਈਕਲ ਰੈਲੀ ਨੂੰ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ ਜਾਵੇਗਾ।

ਸਮਾਗਮ ਵਿੱਚ ਵਿਦਿਆਕ ਸੰਸਥਾਵਾਂ, ਸਾਈਕਲਿੰਗ ਕਲੱਬਾਂ, ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨਾਂ, ਯੂਥਾ ਕਲੱਬਾਂ, ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਸੰਸਥਾਵਾਂ, ਵੱਖ-ਵੱਖ ਸਰਕਾਰੀ ਵਿਭਾਗਾਂ, ਕਾਰਪੋਰੇਟ ਅਦਾਰਿਆਂ ਅਤੇ ਆਮ ਨਾਗਰਿਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦੀ ਉਮੀਦ ਹੈ। ਇੱਛੁਕ ਵਿਅਕਤੀ ਗ੍ਰੀਨਾਥਾਨ ਦੌੜ ਜਾਂ ਗ੍ਰੀਨ ਸਾਈਕਲ ਰੈਲੀ ਵਿੱਚ ਭਾਗ ਲੈ ਕੇ ਵਾਤਾਵਰਣ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕਰ ਸਕਦੇ ਹਨ।

ਜੰਗਲਾਤ ਵਿਭਾਗ ਅਨੁਸਾਰ ਇਹ ਉਪਰਾਲਾ ਕੇਵਲ ਦੌੜ ਜਾਂ ਸਾਈਕਲ ਰੈਲੀ ਤੱਕ ਸੀਮਤ ਨਹੀਂ, ਸਗੋਂ ਲੋਕਾਂ ਨੂੰ ਰੁੱਖ ਲਗਾਉਣ, ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ, ਪ੍ਰਦੂਸ਼ਣ-ਰਹਿਤ ਆਵਾਜਾਈ ਦੇ ਸਾਧਨਾਂ ਨੂੰ ਉਤਸ਼ਾਹਿਤ ਕਰਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਤੇ ਹਰਿਆ-ਭਰਿਆ ਵਾਤਾਵਰਣ ਸਿਰਜਣ ਲਈ ਪ੍ਰੇਰਿਤ ਕਰਨ ਦਾ ਸਾਂਝਾ ਯਤਨ ਹੈ।

ਸਮਾਗਮ ਦੇ ਸਾਮਪਨ ਉਪਰੰਤ ਸਮੂਹ ਭਾਗੀਦਾਰਾਂ ਨੂੰ ਰਿਫਰੈਸ਼ਮੈਂਟ ਮੁਹੱਈਆ ਕਰਵਾਈ ਜਾਵੇਗੀ। ਇਸ ਦੇ ਨਾਲ ਹੀ ਹਰ ਭਾਗੀਦਾਰ ਨੂੰ ਵਾਤਾਵਰਣ ਸੰਭਾਲ ਪ੍ਰਤੀ ਵਚਨਬੱਧਤਾ ਦੇ ਪ੍ਰਤੀਕ ਵਜੋਂ ਇੱਕ ਰੁੱਖ ਦਾ ਪੌਦਾ ਵੀ ਭੇਟ ਕੀਤਾ ਜਾਵੇਗਾ। ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਨੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਹਰਿਆਵਲ ਮੁਹਿਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਵਾਤਾਵਰਣ ਸੰਭਾਲ ਲਈ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਅਤੇ ਗ੍ਰੀਨਾਥਾਨ-ਵਣ ਮਹੋਤਸਵ 2026 ਨੂੰ ਸਫ਼ਲ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

ਬਰਸਾਤ ਦੇ ਮੌਸਮ ਦੇ ਬਾਵਜੂਦ ਬੀ.ਐਲ.ਓਜ਼ ਵੱਲੋਂ ਘਰ-ਘਰ ਜਾ ਕੇ ਭਰੇ ਜਾ ਰਹੇ ਹਨ ਗਣਨਾ ਫਾਰਮ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 4 ਜੁਲਾਈ (ਪੈਗ਼ਾਮ-ਏ-ਜਗਤ)

ਭਾਰਤ ਦੇ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਚੱਲ ਰਹੀ ਸਪੇਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ.-2026) ਮੁਹਿਮ ਤਹਿਤ ਬਰਸਾਤ ਦੇ ਮੌਸਮ ਦੇ ਬਾਵਜੂਦ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼.) ਪੂਰੀ ਤਨਦੇਹੀ ਨਾਲ ਘਰ-ਘਰ ਜਾ ਕੇ ਵੋਟਰਾਂ ਦੇ ਗਣਨਾ ਫਾਰਮ ਭਰਵਾ ਰਹੇ ਹਨ। ਇਸ ਦੇ ਨਾਲ ਹੀ ਭਰੇ ਗਏ ਗਣਨਾ ਫਾਰਮਾਂ ਦੇ ਡਿਜਿਟਾਈਜ਼ੇਸ਼ਨ ਦੀ ਪ੍ਰਕਿਰਿਆ ਵਿੱਚ ਵੀ ਲਗਾਤਾਰ ਤੇਜ਼ੀ ਲਿਆਂਦੀ ਜਾ ਰਹੀ ਹੈ, ਤਾਂ ਜੋ ਸਮੁੱਚੀ ਪ੍ਰਕਿਰਿਆ ਨਿਰਧਾਰਤ ਸਮਾਂ-ਸੀਮਾ ਅੰਦਰ ਮੁਕੰਮਲ ਕੀਤੀ ਜਾ ਸਕੇ।

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਇਸ ਮੁਹਿਮ ਦੀ ਜ਼ਿਲ੍ਹਾ ਪੱਧਰ 'ਤੇ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ। ਇਸੇ ਤਹਿਤ ਜ਼ਿਲ੍ਹਾ ਨੋਡਲ ਅਫ਼ਸਰ (ਸਵੀਪ) ਪ੍ਰੋਫੈਸਰ ਗੁਰਬਖ਼ਸ਼ ਸਿੰਘ ਅਟਾਲ ਅਤੇ ਚੋਣ ਤਹਿਸੀਲਦਾਰ ਹਰਪ੍ਰੀਤ ਕੌਰ ਵੱਲੋਂ ਵੱਖ-ਵੱਖ

- **ਡਿਜ਼ਿਟਾਈਜ਼ੇਸ਼ਨ ਦੀ ਪ੍ਰਕਿਰਿਆ ਵਿੱਚ ਵੀ ਲਿਆਂਦੀ ਜਾ ਰਹੀ ਹੈ ਤੇਜ਼ੀ**
- **ਐਸ.ਆਈ.ਆਰ.-2026 ਮੁਹਿਮ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵਚਨਬੱਧ**

ਖੇਤਰਾਂ ਦਾ ਦੌਰਾ ਕਰਕੇ ਬੀ.ਐਲ.ਓਜ਼ ਦੇ ਕੰਮ ਦੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਵੋਟਰਾਂ ਨੂੰ ਹਰ ਸੰਭਵ ਸਹਾਇਤਾ ਯਕੀਨੀ ਬਣਾਈ ਜਾ ਰਹੀ ਹੈ। ਜ਼ਿਲ੍ਹਾ ਸਵੀਪ ਟੀਮ ਵੱਲੋਂ ਵੀ ਵੱਖ-ਵੱਖ

ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਦੀ ਦਿਸ਼ਾ 'ਚ ਜ਼ਿਲ੍ਹਾ ਰੈਡ ਕਰਾਸ ਦਾ ਵਿਸ਼ੇਸ਼ ਕਦਮ, 'ਪ੍ਰੋਜੈਕਟ ਪਹਿਚਾਣ' ਦੀ ਸ਼ੁਰਆਤ

ਪੈਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਵਿਚ ਜ਼ਿਲ੍ਹੇ ਦੀਆਂ ਲੜਕੀਆਂ ਅਤੇ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਆਰਥਿਕ ਆਤਮਨਿਰਭਰਤਾ ਨੂੰ ਬੜ੍ਹਾਵਾ ਦੇਣ ਦੇ ਉਦੇਸ਼ ਨਾਲ ਇਕ ਵਿਸ਼ੇਸ਼ ਪਹਿਲ ਤਹਿਤ 'ਪ੍ਰੋਜੈਕਟ ਪਹਿਚਾਣ' ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਪ੍ਰੋਜੈਕਟ ਉਸ਼ਾ ਸਾਂਗਵਾਨ ਦੇ ਵਿਸ਼ੇਸ਼ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ, ਜੋ ਸੋਨਾਲੀਕਾ ਗਰੁੱਪ ਦੇ ਸੰਸਥਾਪਕ ਡਾ. ਲਕਸ਼ਮਣ ਦਾਸ ਮਿੱਤਲ ਦੀ ਪੁੱਤਰੀ ਹੈ ਅਤੇ ਭਾਰਤੀਆ ਜੀਵਨ ਬੀਮਾ ਨਿਗਮ ਦੇ ਇਤਿਹਾਸ ਵਿਚ ਪਹਿਲੀ ਮਹਿਲਾ ਪ੍ਰਬੰਧ ਨਿਰਦੇਸ਼ਕ ਰਹਿਣ ਦਾ ਗੌਰਵ ਪ੍ਰਾਪਤ ਕਰ ਚੁੱਕੀ ਹੈ।

ਉਸ਼ਾ ਸਾਂਗਵਾਨ ਦੇਸ਼ ਦੀ ਮੋਹਰੀ ਮਹਿਲਾ ਕਾਰੋਬਾਰੀ ਹੱਸਤੀਆਂ ਵਿਚ ਸ਼ਾਮਲ ਹੈ। ਉਨ੍ਹਾਂ ਦਾ ਨਾਮ ਵਿਸ਼ਵ ਪ੍ਰਸਿੱਧ ਫੋਬਸ ਦੀ ਏਸ਼ੀਆ ਦੀ 50 ਸਭ ਤੋਂ ਪ੍ਰਭਾਵਸ਼ਾਲੀ ਮਹਿਲਾਵਾਂ ਦੀ ਸੂਚੀ ਵਿਚ ਸ਼ਾਮਲ ਹੋ ਚੁੱਕਾ ਹੈ। ਇਸ ਤੋਂ ਇਲਾਵਾ ਇਹ ਨੀਤੀ ਆਯੋਗ ਦੇ ਮਹਿਲਾ ਸਸ਼ਕਤੀਕਰਨ ਪ੍ਰੋਗਰਾਮਾਂ ਵਿਚ ਵੀ ਮੋਹਰੀ ਰੂਪ ਵਿਚ ਜੁੜੀ ਹੋਈ ਹੈ। ਉਨ੍ਹਾਂ ਦੇ ਮਾਰਗਦਰਸ਼ਨ ਅਤੇ ਪ੍ਰੇਰਨਾ ਨਾਲ ਸ਼ੁਰੂ ਕੀਤੇ ਗਏ ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਮਹਿਲਾਵਾਂ ਨੂੰ ਆਤਮਨਿਰਭਰ ਬਣਾ ਕੇ ਉਨ੍ਹਾਂ ਨੂੰ ਆਰਥਿਕ ਅਤੇ ਸਮਾਜਿਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ। ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ 'ਪ੍ਰੋਜੈਕਟ ਪਹਿਚਾਣ' ਦਾ ਮੁੱਖ ਉਦੇਸ਼ ਮਹਿਲਾਵਾਂ ਅਤੇ ਲੜਕੀਆਂ ਦੇ ਦਰਮਿਆਨ ਸਟਾਰਟ-ਅਪ ਸੰਸਕ੍ਰਿਤੀ ਨੂੰ ਬੜ੍ਹਾਵਾ ਦੇਣਾ ਹੈ। ਇਸ ਤਹਿਤ ਰੈਡ ਕਰਾਸ ਵੋਕੇਸ਼ਨਲ ਲਰਨਿੰਗ ਸੈਂਟਰ ਦੀਆਂ 5 ਪ੍ਰਤੀਭਾਸ਼ਾਲੀ ਅਤੇ ਜ਼ਰੂਰਤਮੰਦ ਵਿਦਿਆਰਥਣਾਂ ਮਨੀਸ਼ਾ, ਹਰਪ੍ਰੀਤ ਕੌਰ, ਮੋਨਿਕਾ, ਅਮਿਤ੍ਰ ਅਤੇ ਕਾਜਲ ਨੂੰ ਘਰ ਤੋਂ ਹੀ ਸਵੈਰੋਜ਼ਗਾਰ ਸ਼ੁਰੂ ਕਰਨ ਲਈ ਮੋਟਰਾਈਜ਼ਡ ਐਬਰੋਲਾ ਮਸ਼ੀਨ, ਇੰਟਰਲਾਕਿੰਗ ਮਸ਼ੀਨ, ਸਟੀਮ ਪ੍ਰੈਸ ਅਤੇ ਆਇਰਨ ਪ੍ਰੈਸ ਉਪਲਬੰਧ ਕਰਵਾਈ ਗਈ ਹੈ। ਇਨ੍ਹਾਂ ਮਸ਼ੀਨਾਂ ਦੀ ਸਹਾਇਤਾ ਨਾਲ ਇਹ ਵਿਦਿਆਰਥਣਾਂ ਘਰ ਬੈਠੇ ਹੀ ਆਪਣੀ ਰੋਜ਼ੀ ਰੋਟੀ ਕਮਾਉਣ ਅਤੇ ਆਤਮਨਿਰਭਰ ਬਣਾਉਣ ਦੀ ਦਿਸ਼ਾ ਵਿਚ ਅੱਗੇ ਵੱਧਣਗੀਆਂ।

ਇਸ ਮੌਕੇ ਰੈਡ ਕਰਾਸ ਹਸਪਤਾਲ ਭਲਾਈ ਸੈਕਸ਼ਨ ਦੇ ਵਾਈਸ ਚੇਅਰਮੇਨ ਰਾਜੀਵ ਬਜਾਜ ਸਮੇਤ ਰੈਡ ਕਰਾਸ ਦੀ ਟੀਮ ਦੇ ਮੈਂਬਰ ਵੀ ਮੌਜੂਦ ਸਨ। ਸਯੁੰਕਤ ਸਕੱਤਰ ਅਦਿਤਿਆ ਰਾਣਾ ਨੇ ਦੱਸਿਆ ਕਿ 'ਪ੍ਰੋਜੈਕਟ ਪਹਿਚਾਣ' ਤੋਂ ਇਲਾਵਾ ਰੈਡ ਕਰਾਸ ਵਲੋਂ ਸੋਨਾਲੀਕਾ ਸਮੂਹ ਦੇ ਸਹਿਯੋਗ ਨਾਲ 'ਸ਼ੂਈ ਧਾਗਾ' ਨਾਮਕ ਇਕ ਹੋਰ ਮਹੱਤਵਪੂਰਨ ਪ੍ਰੋਜੈਕਟ ਵੀ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਰੈਡ ਕਰਾਸ ਕੈਂਪਸ ਵਿਚ ਆਧੁਨਿਕ ਇਟਰਲਾਕਿੰਗ, ਇਲਾਸਟਿਕ, ਬੱਟਨ ਅਤੇ ਕਾਜ ਮਸ਼ੀਨਾਂ ਸਥਾਪਿਤ ਕੀਤੀਆਂ ਗਈਆਂ ਹਨ, ਜਿਸ ਦੀ ਵਰਤੋਂ ਉਪਯੋਗ ਫੈਸ਼ਨ ਡਿਜਾਇਨਿੰਗ ਦਾ ਕੋਸ਼ਲ ਰੱਖਣ ਵਾਲੀਆਂ ਜ਼ਰੂਰਤਮੰਦ ਮਹਿਲਾਵਾਂ ਪੇਸ਼ੇਵਰ ਕੰਮ ਲਈ ਕਰ ਸਕਣਗੀਆਂ। ਉਨ੍ਹਾਂ ਕਿਹਾ ਕਿ ਰੈਡ ਕਰਾਸ ਅਤੇ ਸੋਨਾਲੀਕਾ ਸਮੂਹ ਦਾ ਇਹ ਸਾਂਝਾ ਉਪਰਾਲਾ ਜ਼ਿਲ੍ਹੇ ਦੀਆਂ ਮਹਿਲਾਵਾਂ ਨੂੰ ਆਰਥਿਕ ਰੂਪ ਵਿਚ ਮਜ਼ਬੂਤ, ਆਤਮਨਿਰਭਰ ਅਤੇ ਸਵੈਰੋਜ਼ਗਾਰ ਪ੍ਰਤੀ ਪ੍ਰੇਰਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਵੇਗਾ ਅਤੇ ਮਹਿਲਾ ਸਸ਼ਕਤੀਕਰਨ ਦੀ ਦਿਸ਼ਾ ਵਿਚ ਇਕ ਮੀਲ ਦਾ ਪੱਥਰ ਸਾਬਤ ਹੋਵੇਗਾ।

ਰਾਜੂ ਬ੍ਰਦਰਸ ਵੈੱਲਫੇਅਰ ਸੁਸਾਇਟੀ ਯੂ.ਕੇ. ਐਂਡ ਪੰਜਾਬ ਵਲੋਂ ਭੂਪਿੰਦਰ ਰਾਣਾ ਦੇ ਜਨਮ ਦਿਨ ਤੇ ਵ੍ਹੀਲ ਚੇਅਰ ਭੇਂਟ

ਪੈਗਾਮ-ਏ-ਜਗਤ
ਗੜਸ਼ੰਕਰ, (ਹੈਪੀ ਸਾਧੋਵਾਲ)

ਰਾਮਪੁਰ ਬੁੱਗੀਆਂ ਦੀ ਗੁਰਵਿੰਦਰ ਕੌਰ ਜੋ ਕੇ ਚੱਲਣ ਫਿਰਨ ਤੋਂ ਅਸਮਰੱਥ ਸਨ ਅੱਜ ਉਹਨਾਂ ਨੂੰ ਰਾਜੂ ਬ੍ਰਦਰਸ ਵੈੱਲਫੇਅਰ ਸੁਸਾਇਟੀ ਯੂ ਕੇ ਐਂਡ ਪੰਜਾਬ ਵਲੋਂ ਭੂਪਿਦਰ ਰਾਣਾ ਜੀ ਦੇ ਜਨਮ ਦਿਨ ਮੌਕੇ ਵ੍ਹੀਲ ਚੇਅਰ ਦਿੱਤੀ ਗਈ, ਸੋਸਾਇਟੀ ਵਲੋਂ ਪਹਿਲਾ ਵੀ ਹਜ਼ਾਰਾਂ ਦੀ ਗਿਣਤੀ ਚ ਲੋੜਵੰਦਾਂ ਨੂੰ ਟ੍ਰਾਈ ਸਾਈਕਲ ਤੇ ਵ੍ਹੀਲ ਚੇਅਰ ਦਿੱਤੀਆਂ ਗਈ ਹਨ, ਹੈਪੀ ਸਾਧੋਵਾਲ ਨੇ ਦਸਿਆ ਕਿ ਹਜ਼ਾਰਾਂ ਦੀ ਗਿਣਤੀ ਚ ਲੋੜਵੰਦਾਂ ਦੀ ਮਦਦ ਕੀਤੀ ਗਈ ਹੈ, ਦਰਸ਼ਨ ਸਿਘ ਮੱਟੂ ਜੀ ਨੇ ਕਿਹਾ ਕਿ ਅਸੀਂ ਜਨਮ ਦਿਨ ਕੇਕ ਕਟ ਕੇ ਨਹੀਂ ਇਸ ਤਰਾ ਵ੍ਹੀਲ ਚੇਅਰ ਦੇ ਕੇ ਜਨਮ ਦਿਨ ਮਨਾਉਂਦੇ ਹਨ, ਡਾਕਟਰ ਲੋਖਵਿੰਦਰ ਲੱਕੀ ਜੀ ਨੇ ਦਸਿਆ ਕੇ ਡਾਕਟਰ ਅਮਰਜੀਤ ਰਾਜੂ ਲਗਾਤਾਰ ਅਪਾਹਜ ਲੋੜਵੰਦਾਂ ਦੀ ਮਦਦ ਕਰਦੇ ਹਨ ਤੇ ਬਹੁਤ ਜਲਦੀ ਏਕ ਮੋਗਾ ਕੈਂਪ ਲੱਗਾ ਰਹੇ ਨੇ,ਜਿਸ ਕਿਸੀ ਨੂੰ ਲੋੜ ਹੋਵੇ ਉਹ ਸਾਡੀ ਟੀਮ ਨਾਲ ਸੰਪਰਕ ਕਰ ਸਕਦੇ ਹਨ, ਭੂਪਿਦਰ ਰਾਣਾ ਜੀ ਆਪਣੇ ਜਨਮ ਦਿਨ ਮੌਕੇ ਕਿਹਾ ਕਿ ਆਪਾਂ ਨੂੰ ਇਸ ਤਰਾਂ ਹੀ ਦੂਜਿਆਂ ਦੀ ਮਦਦ ਕਰਕੇ ਜਨਮ ਦਿਨ ਮਨਾਉਣੇ ਚਾਹੀਦੇ ਹਨ, ਇਸ ਮੌਕੇ ਬੀਬੀ ਸੁਖਾਸ਼ ਮੱਟੂ,ਐਸ ਬੀ ਆਈ ਬੈਂਕ ਸਮੁੰਦੜਾ ਦੇ ਮੈਨੇਜਰ ਜਸਵੀਰ ਸਿੰਘ, ਮਨਜੀਤ ਸਿੰਘ, ਕੁਨਾਲ, ਬੈਂਕ ਮੁਲਾਜ਼ਮ,ਡਾਕਟਰ ਜੋਗਿੰਦਰ ਕੁਲੇਵਾਲ, ਕਮਲਜੀਤ ਕੌਰ ਹਾਜ਼ਿਰ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਪੋਲਿੰਗ ਬੂਥਾਂ ਦੀ ਰੈਸ਼ਨਲਾਈਜ਼ੇਸ਼ਨ ਦੇ ਕੰਮ ਦਾ ਲਿਆ ਜਾਇਜ਼ਾ

• ਬੀ.ਐੱਲ.ਓਜ਼ ਨੂੰ ਤੱਥਾਂ-ਅਧਾਰਿਤ ਰਿਪੋਰਟਿੰਗ ਅਤੇ ਸਮਾਂਬੱਧ ਕਾਰਵਾਈ ਕਰਨ ਦੇ ਨਿਰਦੇਸ਼

ਪੈਗਾਮ-ਏ-ਜਗਤ/ਨਵਾਂਸ਼ਹਿਰ
(ਸਤਨਾਮ ਸਿੰਘ ਸਹੁੰਗੜਾ)

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੰਜੀਵ ਸ਼ਰਮਾ ਨੇ ਅੱਜ ਸਕਰਾਰੀ ਸੀਨੀਅਰ ਸੈਕੇਂਡਰੀ ਸਕੂਲ, ਲੰਗੜੋਆ ਅਤੇ ਨਗਰ ਕੌਂਸਲ ਦਫਤਰ ਨਵਾਂਸ਼ਹਿਰ ਦਾ ਦੌਰਾ ਕਰਕੇ ਪੋਲਿੰਗ ਬੂਥਾਂ ਦੀ ਰੈਸ਼ਨਲਾਈਜ਼ੇਸ਼ਨ ਸਬੰਧੀ ਚੱਲ ਰਹੇ ਕੰਮਾਂ ਦਾ ਮੌਕੇ 'ਤੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਬੂਥ ਨੰਬਰ 109 ਦੀ ਬੀ.ਐੱਲ.ਓ. ਸ੍ਰੀਮਤੀ ਬਲਵਿੰਦਰ ਕੌਰ ਅਤੇ ਬੂਥ ਨੰਬਰ 110 ਦੇ ਬੀ.ਐੱਲ.ਓ. ਸ੍ਰੀ ਦਲਜੀਤ ਸਿੰਘ ਨਾਲ ਸਮੀਖਿਆ ਮੀਟਿੰਗ ਕੀਤੀ। ਸ਼ਰਮਾ ਨੇ ਬੀ.ਐੱਲ.ਓਜ਼ ਨੂੰ ਹਦਾਇਤ ਕੀਤੀ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੋਲਿੰਗ ਬੂਥਾਂ ਦੀ ਰੈਸ਼ਨਲਾਈਜ਼ੇਸ਼ਨ ਦੇ ਸਮੂਚੇ ਕੰਮ ਨੂੰ ਹਰੇਕ ਵੋਟਰਾਂ ਦੀ ਮੌਕੇ 'ਤੇ ਤਸਦੀਕ ਕਰਕੇ ਹੀ ਜਾਣਕਾਰੀ ਦਰਜ ਕਰਨ। ਉਨ੍ਹਾਂ ਕਿਹਾ ਕਿ ਰੈਸ਼ਨਲਾਈਜ਼ੇਸ਼ਨ ਦਾ ਮੁੱਖ ਉਦੇਸ਼ ਵੋਟਰਾਂ ਨੂੰ ਵਧੇਰੇ ਸੁਵਿਧਾਜਨਕ, ਪਹੁੰਚਯੋਗ ਅਤੇ ਬਿਹਤਰ ਵੋਟਿੰਗ ਸਹੂਲਤਾਂ ਪ੍ਰਦਾਨ ਕਰਨਾ ਹੈ। ਇਸ ਲਈ ਹਰੇਕ ਬੀ.ਐੱਲ.ਓ. ਆਪਣੇ ਖੇਤਰ ਦਾ ਮੌਕੇ 'ਤੇ ਸਰਵੇਖਣ ਕਰਕੇ ਪੋਲਿੰਗ ਬੂਥਾਂ ਦੀ ਸਥਿਤੀ, ਇਮਾਰਤਾਂ ਦੀ ਉਪਲ੬ਧਤਾ, ਵੋਟਰਾਂ ਦੀ ਗਿਣਤੀ, ਦੂਰੀ ਅਤੇ ਹੋਰ ਨਿਰਧਾਰਿਤ ਮਾਪਦੰਡਾਂ ਦੇ ਆਧਾਰ 'ਤੇ ਤੱਥਾਂ-ਅਧਾਰਿਤ ਜਾਣਕਾਰੀ ਨਿਰਧਾਰਿਤ ਪ੍ਰੋਫਾਰਮੇ ਵਿੱਚ ਦਰਜ ਕਰੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਗਲਤ ਜਾਣਕਾਰੀ ਲਈ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਤੱਥਾਂ-ਅਧਾਰਿਤ ਰੈਸ਼ਨਲਾਈਜ਼ੇਸ਼ਨ ਨਾਲ ਨਾ ਸਿਰਫ਼ ਵੋਟਰਾਂ ਦੀ ਸਹੂਲਤ ਵਿੱਚ ਵਾਧਾ ਹੋਵੇਗਾ, ਸਗੋਂ ਚੋਣ ਪ੍ਰਬੰਧਨ ਨੂੰ ਹੋਰ ਪ੍ਰਭਾਵਸ਼ਾਲੀ, ਸੁਚਾਰੂ ਅਤੇ ਨਿਰਪੱਖ ਬਣਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਮਿਲੇਗਾ। ਅੰਤ ਵਿੱਚ ਉਨ੍ਹਾਂ ਨੇ ਬੀ.ਐੱਲ.ਓਜ਼ ਨੂੰ ਐੱਸ.ਆਈ.ਆਰ. ਤਹਿਤ 24 ਜੁਲਾਈ, 2026 ਤੱਕ ਇਨਿਊਮੇਰੇਸ਼ਨ ਫਾਰਮ ਭਰਵਾਉਣ ਵਿਚ ਵੋਟਰਾਂ ਦੀ ਮਦਦ ਕਰਨ ਦੀ ਹਦਾਇਤ ਵੀ ਕੀਤੀ।

ਉਨ੍ਹਾਂ ਇਹ ਵੀ ਕਿਹਾ ਕਿ ਵੋਟਰਾਂ ਦੇ ਇਨਿਊਮੇਰੇਸ਼ਨ ਫਾਰਮ ਭਰਵਾਉਣ ਸਮੇਂ ਅੰਦਰ ਡਿਜੀਟਲਾਈਜ਼ ਕਰਨਾ ਯਕੀਨੀ ਬਣਾਇਆ ਜਾਵੇ।

ਸਮਾਜ ਸੇਵੀ ਸੰਸਥਾਵਾਂ ਦੇ ਨਾਲ ਮਿਲਕੇ ਲੋਕਾਂ ਨੂੰ ਨਸ਼ਿਆਂ ਦੇ ਵਿਰੁੱਧ ਜੰਗ ਲਈ ਜਾਗਰੂਕ ਕੀਤਾ ਜਾਵੇਗਾ-ਰਾਜੇਸ਼ ਬਾਘਾ

ਪੈਗਾਮ-ਏ-ਜਗਤ/ਜਲੰਧਰ (ਦਲਜੀਤ ਅਜਨੋਹਾ)

ਅਨੁਸੂਚਿਤ ਜਾਤੀਆਂ ਉੱਦਮੀ ਸਸ਼ਕਤੀਕਰਨ ਮੰਚ ਦੇ ਮੁੱਖ ਸਲਾਹਕਾਰ ਅਤੇ ਪੰਜਾਬ ਰਾਜ ਕਮਿਸ਼ਨ ਅਨੁਸੂਚਿਤ ਜਾਤੀਆਂ ਦੇ ਸਾਬਕਾ ਚੇਅਰਮੇਨ ਰਾਜੇਸ਼ ਬਾਘਾ ਨੇ ਕਿਹਾ ਹੈ ਕਿ ਪੰਜਾਬ ਵਿੱਚੋਂ ਨਸ਼ਿਆਂ ਦੀ ਦੁਰਵਰਤੋਂ ਨੂੰ ਖ਼ਤਮ ਕਰਨ ਲਈ ਜਲਦੀ ਹੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਯੁਵਾ ਜਾਗਰੂਕਤਾ ਕੈਂਪ ਲਗਾਏ ਜਾਣਗੇ। ਰਾਜੇਸ਼ ਬਾਘਾ ਨੇ ਕਿਹਾ ਕਿ ਨਸ਼ਿਆਂ ਦੇ ਵਿਰੁੱਧ ਜੰਗ ਸ਼ੁਰੂ ਕੀਤੀ ਜਾਵੇਗੀ ਜਿਸ ਵਿੱਚ ਸਮਾਜ ਸੇਵੀ ਸੰਸਥਾਵਾਂ ਨੂੰ ਲੈ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਨਾਲ ਜੋੜਨਾਂਗੇ ਅਤੇ ਨਸ਼ਿਆਂ ਦੀ ਦੁਰਵਰਤੋਂ ਤੋਂ ਬਚਣ ਬਾਰ ਜਾਗਰੂਕ ਕਰਨਗੇ। ਉਨ੍ਹਾਂ ਕਿਹਾ ਕਿ ਹਰ ਮਹੀਨੇ ਨਸ਼ਿਆਂ ਨਾਲ ਸਬੰਧਤ ਮੌਤਾਂ ਹੁੰਦੀਆਂ ਹਨ, ਜੋ ਕਿ ਪੰਜਾਬ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ। ਪੰਜਾਬ ਆਪਣੀ ਸੱਭਿਆਚਾਰ ਅਤੇ ਸੱਭਿਅਤਾ ਲਈ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ, ਅਤੇ ਇਸਦੇ ਨੌਜਵਾਨਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਮੁੱਖ ਭੂਮਿਕਾ ਨਿਭਾਈ ਹੈ।

ਪਦਮ ਪੁਰਸਕਾਰਾਂ ਲਈ 31 ਜੁਲਾਈ ਤੱਕ ਕਰ ਸਕਦੇ ਹੋ ਆਨਲਾਈਨ ਅਪਲਾਈ

ਚੰਡੀਗੜ੍ਹ, 4 ਜੁਲਾਈ (ਪੈਗਾਮ-ਏ-ਜਗਤ)

ਗਣਤੰਤਰ ਦਿਵਸ 2027 ਤੇ ਐਲਾਨੇ ਜਾਣ ਵਾਲੇ ਪਦਮ ਪੁਰਸਕਾਰਾਂ ਲਈ ਨਾਮਜ਼ਦਗੀਆਂ/ਸਿਫਾਰਸ਼ਾਂ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਇਨ੍ਹਾਂ ਪੁਰਸਕਾਰਾਂ ਲਈ ਰਾਸ਼ਟਰੀ ਪੁਰਸਕਾਰ ਪੋਰਟਲ 'ਤੇ 31 ਜੁਲਾਈ ਤੱਕ ਆਨਲਾਈਨ ਰਾਹੀਂ ਅਪਲਾਈ ਕੀਤਾ ਜਾ ਸਕਦਾ ਹੈ। ਇਨ੍ਹਾਂ ਪੁਰਸਕਾਰਾਂ ਵਿੱਚ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਪੁਰਸਕਾਰ ਸ਼ਾਮਲ ਹਨ। ਇਸ ਬਾਰੇ ਜਾਣਕਾਰੀ ਦੇਂਦਿਆਂ ਇੰਜ ਸਰਕਾਰੀ ਬੁਲਾਰੇ ਨੇ ਦਸਿਆ ਕਿ ਨਾਮਜ਼ਦਗੀ ਕਰਨ ਵਾਲੇ ਵਿਅਕਤੀਆਂ ਵਾਸਤੇ ਤੋਂ ਵੱਧ 800 ਸ਼ਬਦਾਂ ਦਾ ਇੰਜ ਵਿਸਥਿਮਤਾਮਕ ਪ੍ਰਸ਼ੰਸਾ-ਪੱਤਰ, ਜਿਸ ਵਿੱਚ ਸਿਫਾਰਸ਼ ਕੀਤੇ ਵਿਅਕਤੀ ਦੀ ਸਬੰਧਤ ਖੇਤਰ/ਵਿਸ਼ੇ ਵਿੱਚ ਵਿਲਿਸ਼ਟ ਅਤੇ ਹੋਰ ਪ੍ਰਾਪਤੀਆਂ/ਸੇਵਾਵਾਂ ਦਾ ਸਪੱਸ਼ਟ ਵਰਣਨ ਕੀਤਾ ਗਿਆ ਹੋਵੇ, ਪੇਸ਼ ਕਰਨ। ਉਨ੍ਹਾਂ ਦੱਸਿਆ ਕਿ ਪਦਮ ਪੁਰਸਕਾਰ, ਮੁਤਲਕ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ, ਦੇਸ਼ ਦੇ ਸਰਵਉੱਚ ਨਾਗਰਿਕ ਪੁਰਸਕਾਰਾਂ ਵਿਚੋਂ ਹਨ। ਸਾਲ 1954 ਵਿਚ ਸਥਾਪਿਤ ਇਨ੍ਹਾਂ ਪੁਰਸਕਾਰਾਂ ਦਾ ਐਲਾਨ ਹਰ ਸਾਲ ਗਣਤੰਤਰ ਦਿਵਸ ਦੇ ਮੌਕੇ 'ਤੇ ਕੀਤਾ ਜਾਂਦਾ ਹੈ। ਇਹ ਪੁਰਸਕਾਰ ਕਲਾ, ਸਾਹਿਤ ਅਤੇ ਸਿੱਖਿਆ, ਖੇਡਾਂ, ਡਾਕਟਰੀ, ਸਮাজিক ਕਾਰਜ, ਵਿਗਿਆਨ ਅਤੇ ਇੰਜੀਨੀਅਰਿੰਗ, ਵਣਜ ਕਾਰਜ, ਨਾਗਰਿਕ ਸੇਵਾਵਾਂ, ਵਪਾਰ ਅਤੇ ਉਦਯੋਗ ਵਰਗੇ ਸਾਰੇ ਖੇਤਰਾਂ/ਵਿਸ਼ਿਆਂ ਵਿਚ ਵਿਲਿਸ਼ਟ ਅਤੇ ਅਸਾਧਾਰਨ ਪ੍ਰਾਪਤੀਆਂ/ਸੇਵਾਵਾਂ ਲਈ ਉਤਮ ਕਾਰਜ ਨੂੰ ਮਨਤਾ ਪ੍ਰਦਾਨ ਕਰਨ ਲਈ ਦਿੱਤੇ ਜਾਂਦੇ ਹਨ। ਜਾਤੀ, ਕਿੱਤੇ, ਅਹੁਦੇ ਜਾਂ ਲਿੰਗ ਭੇਦਭਾਵ ਤੋਂ ਬਿਨਾ ਸਾਰੇ ਵਿਅਕਤੀ ਇਨ੍ਹਾਂ ਪੁਰਸਕਾਰਾਂ ਲਈ ਪਾਤਰ ਹਨ। ਡਾਕਟਰਾਂ ਅਤੇ ਵਿਗਿਆਨੀਆਂ ਨੂੰ ਛੱਡ ਕੇ ਜਨਤਕ ਖੇਤਰ ਦੇ ਅਦਾਰਿਆਂ ਵਿਚ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀ ਪਦਮ ਪੁਰਸਕਾਰ ਲਈ ਯੋਗ ਨਹੀਂ ਹਨ।

ਨਿਗਮ ਚੋਣਾਂ: ਰਜਿਸਟਰਡ ਦੁਕਾਨਾਂ ਅਤੇ ਅਦਾਰਿਆਂ ਦੇ ਕਰਮਚਾਰੀਆਂ ਨੂੰ ਮਿਲੇਗੀ ਤਨਖਾਹ ਸਮੇਤ ਛੁੱਟੀ

ਪੈਗਾਮ-ਏ-ਜਗਤ
ਹੁਸ਼ਿਆਰਪੁਰ (ਦਲਜੀਤ ਅਜਨੋਹਾ)

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਨਗਰ ਨਿਗਮ ਦੀਆਂ 5 ਜੁਲਾਈ (ਐਤਵਾਰ) ਨੂੰ ਪੈਣ ਵਾਲੀਆਂ ਵੋਟਾਂ ਦੇ ਮੱਦੇਨਜ਼ਰ ਰਜਿਸਟਰਡ ਦੁਕਾਨਾਂ ਅਤੇ ਅਦਾਰਿਆਂ ਦੇ ਕਰਮਚਾਰੀਆਂ ਨੂੰ ਵੋਟ ਦੇ ਅਧਿਕਾਰ ਦੇ ਵਰਤੋਂ ਕਰਨ ਲਈ ਛੁੱਟੀ ਰਹੇਗੀ। ਉਨ੍ਹਾਂ ਦੱਸਿਆ ਕਿ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵਲੋਂ ਇਨ੍ਹਾਂ ਕਾਮਿਆਂ ਨੂੰ ਵਿਸ਼ੇਸ਼ ਛੁੱਟੀ ਕੀਤੀ ਗਈ ਹੈ ਜੋ ਸਬੰਧਤ ਸਥਾਨਿਕ ਸੰਸਥਾਵਾਂ ਦੇ ਮਾਲੀਆ ਅਧਿਕਾਰ ਖੇਤਰ ਅਧੀਨ ਰਜਿਸਟਰਡ ਵੋਟਰ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਦੁਕਾਨ ਅਤੇ ਵਪਾਰਕ ਸਥਾਪਨਾ ਐਕਟ, 1958 ਦੀ ਧਾਰਾ 10 ਦੀ ਉਪਧਾਰਾ (1) ਤਹਿਤ ਰਾਜ ਦੇ ਰਜਿਸਟਰਡ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਵ

ਪਾਬੰਦੀਸ਼ੁਦਾ ਸੀਜ਼ਨ ਦੌਰਾਨ ਗੈਰ-ਕਾਨੂੰਨੀ ਮੱਛੀ ਵਿਕਰੀ 'ਤੇ ਮੱਛੀ ਪਾਲਣ ਵਿਭਾਗ ਦੀ ਸਖ਼ਤ ਕਾਰਵਾਈ

ਪੰਜ ਮਾਮਲਿਆਂ ਵਿੱਚ 8 ਹਜ਼ਾਰ ਰੁਪਏ ਜੁਰਮਾਨਾ

ਊਨਾ, 4 ਜੁਲਾਈ
(ਪੈਗਾਮ-ਏ-ਜਗਤ)

ਜ਼ਿਲ੍ਹਾ ਊਨਾ ਵਿੱਚ ਮੱਛੀ ਪਾਲਣ ਵਿਭਾਗ ਨੇ ਪਾਬੰਦੀਸ਼ੁਦਾ (ਕਲੋਜ਼) ਸੀਜ਼ਨ ਦੌਰਾਨ ਗੈਰ-ਕਾਨੂੰਨੀ ਤੌਰ 'ਤੇ ਮੱਛੀ ਵੇਚਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਦਿਆਂ ਨਿਯਮਾਂ ਦੀ ਉਲੰਘਣਾ ਦੇ ਪੰਜ ਮਾਮਲਿਆਂ ਵਿੱਚ ਕੁੱਲ 8 ਹਜ਼ਾਰ ਰੁਪਏ ਜੁਰਮਾਨਾ ਵਸੂਲਿਆ ਹੈ।

ਮੱਛੀ ਪਾਲਣ ਵਿਭਾਗ ਦੇ ਸਹਾਇਕ ਨਿਰਦੇਸ਼ਕ ਵਿਵੇਕ ਸ਼ਰਮਾ ਨੇ ਦੱਸਿਆ ਕਿ ਵਿਭਾਗ ਦੀ ਵਿਸ਼ੇਸ਼ ਟੀਮ ਨੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਸਘਣੀ ਜਾਂਚ ਮੁਹਿੰਮ ਚਲਾ ਕੇ ਮੱਛੀ ਵਿਕਰੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕੀਤਾ। ਇਸ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਮੱਛੀ ਵੇਚਣ ਦੇ ਪੰਜ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਮੌਕੇ 'ਤੇ ਹੀ ਨਿਯਮਾਂ ਅਨੁਸਾਰ ਕੁੱਲ 8 ਹਜ਼ਾਰ ਰੁਪਏ ਜੁਰਮਾਨਾ ਵਸੂਲਿਆ ਗਿਆ।

ਉਨ੍ਹਾਂ ਦੱਸਿਆ ਕਿ ਇਸ ਸਮੇਂ ਮੱਛੀਆਂ ਦੇ ਪ੍ਰਜਨਨ ਕਾਲ ਨੂੰ ਧਿਆਨ ਵਿੱਚ ਰੱਖਦਿਆਂ ਕਲੋਜ਼ ਸੀਜ਼ਨ ਲਾਗੂ ਹੈ। ਇਸ ਮਿਆਦ ਦੌਰਾਨ ਮੱਛੀ ਸੰਸਾਧਨਾਂ ਦੀ ਸੰਭਾਲ ਲਈ ਆਮ ਲੋਕਾਂ, ਵਪਾਰੀਆਂ ਅਤੇ ਮੱਛੀ ਵਿਕਰੇਤਾਵਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਸਾਰੇ ਸਬੰਧਤ

'ਤੇ ਪਾਬੰਦੀ ਲਗਾਈ ਗਈ ਹੈ।

ਵਿਵੇਕ ਸ਼ਰਮਾ ਨੇ ਕਿਹਾ ਕਿ ਵਿਭਾਗ ਦੀ ਇਸ ਕਾਰਵਾਈ ਦਾ ਮੁੱਖ ਉਦੇਸ਼ ਪ੍ਰਜਨਨ ਕਾਲ ਦੌਰਾਨ ਮੱਛੀ ਸੰਸਾਧਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਮੱਛੀ ਸੰਸਾਧਨਾਂ ਦੀ ਸੰਭਾਲ ਲਈ ਆਮ ਲੋਕਾਂ, ਵਪਾਰੀਆਂ ਅਤੇ ਮੱਛੀ ਵਿਕਰੇਤਾਵਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਸਾਰੇ ਸਬੰਧਤ ਲੋਕਾਂ ਨੂੰ ਅਪੀਲ ਕੀਤੀ ਕਿ ਕਲੋਜ਼ ਸੀਜ਼ਨ ਦੌਰਾਨ ਸਰਕਾਰ ਵੱਲੋਂ ਨਿਰਧਾਰਤ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ। ਉਨ੍ਹਾਂ ਇਹ ਵੀ ਦੋਸ਼ਿਆ ਕਿ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਡਵਿੱਚ ਵਿੱਚ ਵੀ ਅਜਿਹੀਆਂ ਅਣਚੇਤ ਜਾਂਚਾਂ ਅਤੇ ਲਾਗੂਕਰਨ ਮੁਹਿੰਮਾਂ ਜਾਰੀ ਰਹਿਣਗੀਆਂ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਨਸ਼ਾ ਵਿਰੋਧੀ ਮੁਹਿੰਮ ਤਹਿਤ ਜ਼ਿਲ੍ਹਾ ਪੁਲਿਸ ਊਨਾ ਵੱਲੋਂ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਪੈਗਾਮ-ਏ-ਜਗਤ
ਊਨਾ, 4 ਜੁਲਾਈ (ਰਾਜਵੀਰ ਚੋਪੜਾ)

ਐਂਟੀ ਚਿੱਟਾ ਮੁਹਿੰਮ ਤਹਿਤ ਜ਼ਿਲ੍ਹਾ ਪੁਲਿਸ ਊਨਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਵਿਦਿਅਕ ਅਦਾਰਿਆਂ, ਸਕੂਲਾਂ, ਗ੍ਰਾਮ ਪੰਚਾਇਤਾਂ ਅਤੇ ਨਗਰ ਨਿਗਮ ਦਫ਼ਤਰਾਂ ਵਿੱਚ ਲਗਾਤਾਰ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ 4 ਜੁਲਾਈ 2026 ਨੂੰ ਵਧੀਕ ਪੁਲਿਸ ਅਧਿਕਾਰੀ (ਐਸ.ਪੀ.) ਜ਼ਿਲ੍ਹਾ ਊਨਾ ਸ੍ਰੀ ਸੰਜੀਵ ਕੁਮਾਰ ਭਾਟੀਆ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੰਗਲ ਖੁਰਦ ਵਿਖੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਚਿੱਟੇ (ਹੈਰੋਇਨ) ਸਮੇਤ ਹੋਰ ਨਸ਼ੀਲੇ ਪਦਾਰਥਾਂ ਦੇ ਸੇਵਨ ਨਾਲ ਹੋਣ ਵਾਲੇ ਗੰਭੀਰ ਨੁਕਸਾਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਵਿਦਿਆਰਥੀਆਂ ਨੂੰ ਐੱਨ.ਡੀ.ਪੀ.ਐੱਸ. ਐਕਟ ਅਧੀਨ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਕਾਨੂੰਨੀ ਪ੍ਰਾਵਧਾਨਾਂ ਅਤੇ ਉਨ੍ਹਾਂ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਦੁਸ਼ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਸੜਕ ਸੁਰੱਖਿਆ, ਟਰੈਫਿਕ ਨਿਯਮਾਂ ਦੀ ਪਾਲਣਾ, ਸਾਈਬਰ ਅਪਰਾਧਾਂ ਤੋਂ ਬਚਾਅ, ਡਿਜ਼ੀਟਲ ਪਲੇਟਫਾਰਮਾਂ ਦੀ ਸੁਰੱਖਿਅਤ ਵਰਤੋਂ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਬਣਨ ਲਈ ਵੀ ਪ੍ਰੇਰਿਤ ਕੀਤਾ ਗਿਆ। ਵਧੀਕ ਪੁਲਿਸ ਅਧਿਕਾਰੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿਹਤਮੰਦ, ਅਨੁਸ਼ਾਸਿਤ ਅਤੇ ਸਕਾਰਾਤਮਕ ਜੀਵਨ ਸ਼ੈਲੀ ਅਪਣਾਉਣ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਹਾਜ਼ਰ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਭਾਗੀਦਾਰਾਂ ਨੂੰ 'ਐਂਟੀ ਚਿੱਟਾ ਸਹੁੰ' ਵੀ ਚੁਕਾਈ ਗਈ ਅਤੇ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਸੰਕਲਪ ਦਿਵਾਇਆ ਗਿਆ।

ਜ਼ਿਲ੍ਹਾ ਪੁਲਿਸ ਊਨਾ ਨੇ ਦੁਹਰਾਇਆ ਕਿ 'ਨਸ਼ਾ-ਮੁਕਤ ਊਨਾ' ਦੇ ਟੀਚੇ ਨੂੰ ਹਾਸਲ ਕਰਨ ਲਈ ਐਂਟੀ ਚਿੱਟਾ ਮੁਹਿੰਮ ਤਹਿਤ ਪ੍ਰਭਾਵਸ਼ਾਲੀ ਕਾਰਵਾਈ, ਨਿਰੰਤਰ ਨਿਗਰਾਨੀ ਅਤੇ ਲੋਕ ਭਾਗੀਦਾਰੀ ਨਾਲ ਅਜਿਹੇ ਜਾਗਰੂਕਤਾ ਅਭਿਆਨ ਲਗਾਤਾਰ ਜਾਰੀ ਰਹਿਣਗੇ।

ਪੁਲਿਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਖ਼ਿਲਾਫ਼ ਇਸ ਜਨ-ਅੰਦੋਲਨ ਵਿੱਚ ਆਪਣਾ ਪੂਰਾ ਸਹਿਯੋਗ ਦੇਣ ਅਤੇ ਨਸ਼ੀਲੇ ਪਦਾਰਥਾਂ ਜਾਂ ਪਾਬੰਦੀਸ਼ੁਦਾ ਦਵਾਈਆਂ ਦੀ ਗੈਰ-ਕਾਨੂੰਨੀ ਵਿਕਰੀ ਜਾਂ ਤਸਕਰੀ ਸਬੰਧੀ ਕੋਈ ਵੀ ਜਾਣਕਾਰੀ ਤੁਰੰਤ ਪੁਲਿਸ ਨਾਲ ਸਾਂਝੀ ਕਰਨ।

ਪ੍ਰੋ. ਸਿਮਮੀ ਅਗਨੀਹੋਤਰੀ ਸਰਕਾਰੀ ਕਾਲਜ ਹਰੋਲੀ ਵਿੱਚ ਸੋਮਵਾਰ ਤੋਂ ਨਿਯਮਿਤ ਕਲਾਸਾਂ ਹੋਣਗੀਆਂ ਸ਼ੁਰੂ

ਪੈਗਾਮ-ਏ-ਜਗਤ/ਹਰੋਲੀ/ਊਨਾ
4 ਜੁਲਾਈ (ਰਾਜਵੀਰ ਚੋਪੜਾ)

ਪ੍ਰੋ. ਸਿਮਮੀ ਅਗਨੀਹੋਤਰੀ ਸਰਕਾਰੀ ਕਾਲਜ, ਹਰੋਲੀ ਵਿੱਚ ਸੋਮਵਾਰ, 6 ਜੁਲਾਈ 2026 ਤੋਂ ਸਨਾਤਕ ਅਤੇ ਸਨਾਤਕੋਤਰ ਪੱਧਰ ਦੀਆਂ ਨਿਯਮਿਤ ਕਲਾਸਾਂ ਵਿਧੀਵਤ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਕਾਲਜ ਪ੍ਰਸ਼ਾਸਨ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਨਿਰਧਾਰਿਤ ਸਮੇਂ-ਸਾਰਣੀ ਅਨੁਸਾਰ ਨਿਯਮਿਤ ਤੌਰ 'ਤੇ ਕਲਾਸਾਂ ਵਿੱਚ ਹਾਜ਼ਰ ਹੋਣ ਦੀ ਅਪੀਲ ਕੀਤੀ ਗਈ ਹੈ।

ਕਾਲਜ ਵਿੱਚ ਬੀ.ਏ., ਬੀ.ਕਾਮ., ਬੀ.ਐੱਸ.ਸੀ., ਬੀ.ਬੀ.ਏ., ਬੀ.ਸੀ.ਏ., ਐੱਮ.ਏ. ਅਤੇ ਐੱਮ.ਕਾਮ. ਸਮੇਤ ਵੱਖ-ਵੱਖ ਕੋਰਸਾਂ ਦੀਆਂ

ਕਲਾਸਾਂ ਸੋਮਵਾਰ ਤੋਂ ਸ਼ੁਰੂ ਹੋਣਗੀਆਂ। ਕਾਲਜ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਸਮੇਂ ਦੀ ਪਾਲਣਾ ਕਰਦੇ ਹੋਏ ਪੜ੍ਹਾਈ ਵਿੱਚ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਲਈ ਕਿਹਾ ਹੈ।

ਕਾਲਜ ਦੇ ਪ੍ਰਿੰਸੀਪਲ ਡਾ. ਰਾਜਿੰਦਰ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਿਯਮਿਤ ਹਾਜ਼ਰੀ, ਅਨੁਸ਼ਾਸਨ ਅਤੇ ਲਗਾਤਾਰ ਅਧਿਐਨ ਹੀ ਅਕਾਦਮਿਕ ਸਫ਼ਲਤਾ ਦੀ ਕੁੰਜੀ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸਮੇਂ ਸਿਰ ਕਲਾਸਾਂ ਵਿੱਚ ਪਹੁੰਚ ਕੇ ਪੜ੍ਹਾਈ ਅਤੇ ਹੋਰ ਵਿਦਿਅਕ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਸਾਰੇ ਵਿਦਿਆਰਥੀ ਨਿਯਮਿਤ ਅਧਿਐਨ ਰਾਹੀਂ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਹਾਸਲ ਕਰਦੇ ਹੋਏ ਕਾਲਜ ਦੀ ਮਾਣਮੱਤੀ ਪਰੰਪਰਾ ਨੂੰ ਹੋਰ ਅੱਗੇ ਵਧਾਉਣਗੇ।

ਸਹਿਕਾਰਤਾ ਹਫ਼ਤੇ ਤਹਿਤ ਸੰਤੋਖ਼ਗੜ੍ਹ ਵਿਖੇ ਸਹਿਕਾਰੀ ਚੌਪਾਲ ਦਾ ਆਯੋਜਨ, ਕਿਸਾਨਾਂ ਅਤੇ ਸਵੈ-ਸਹਾਇਤਾ ਸਮੂਹਾਂ ਨੂੰ ਯੋਜਨਾਵਾਂ ਦੀ ਦਿੱਤੀ ਜਾਣਕਾਰੀ

ਪੈਗਾਮ-ਏ-ਜਗਤ/ਸੰਤੋਖ਼ਗੜ੍ਹ/ਊਨਾ
4 ਜੁਲਾਈ (ਰਾਜਵੀਰ ਚੋਪੜਾ)

ਸਹਿਕਾਰਤਾ ਹਫ਼ਤੇ ਦੇ ਤਹਿਤ ਸ਼ਨੀਵਾਰ ਨੂੰ ਸੰਤੋਖ਼ਗੜ੍ਹ ਵਿਖੇ ਸਹਿਕਾਰੀ ਚੌਪਾਲ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਖੇਤਰ ਦੀਆਂ ਵੱਖ-ਵੱਖ ਸਹਿਕਾਰੀ ਸਭਾਵਾਂ ਦੇ ਸਕੱਤਰਾਂ, ਕਿਸਾਨਾਂ ਅਤੇ ਸਵੈ-ਸਹਾਇਤਾ ਸਮੂਹਾਂ ਦੇ ਮੈਂਬਰਾਂ ਨੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦਾ ਉਦੇਸ਼ ਸਹਿਕਾਰਤਾ ਲਹਿਰ ਨੂੰ ਹੋਰ ਮਜ਼ਬੂਤ ਕਰਨਾ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣਾ ਸੀ।

ਪ੍ਰੋਗਰਾਮ ਵਿੱਚ ਕਾਂਗੜਾ ਕੇਂਦਰੀ ਸਹਿਕਾਰੀ ਬੈਂਕ ਲਿਮਟਿਡ ਦੀ ਸਹਾਇਕ ਮਹਾਪ੍ਰਬੰਧਕ ਰਮਨ ਰਾਣੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਨਗਰ ਕੌਂਸਲ ਸੰਤੋਖ਼ਗੜ੍ਹ ਦੀ ਪਾਰਸ਼ਦ ਚਰਨਜੀਤ ਕੌਰ, ਆਯੁਸ਼ ਸ਼ਰਮਾ, ਕਿਰਣ ਬੇਸ, ਬੈਂਕ ਮੈਨੇਜਰ ਕੁਲਦੀਪ ਸਿੰਘ ਮਾਹਲ, ਵਿਕਾਸ ਸ਼ਰਮਾ ਸਮੇਤ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਇਸ ਮੌਕੇ ਬੁਲਾਰਿਆਂ ਨੇ ਸਹਿਕਾਰਤਾ ਦੇ ਮਹੱਤਵ 'ਤੇ ਚਾਨਣਾ

ਪਾਉਂਦਿਆਂ ਕਿਹਾ ਕਿ ਸਹਿਕਾਰੀ ਸੰਸਥਾਵਾਂ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਾਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਉਨ੍ਹਾਂ ਕਿਸਾਨਾਂ ਅਤੇ ਸਵੈ-ਸਹਾਇਤਾ ਸਮੂਹਾਂ ਨੂੰ ਸਹਿਕਾਰੀ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ। ਚੌਪਾਲ ਦੌਰਾਨ ਸਹਿਕਾਰਤਾ ਮੰਤਰਾਲੇ ਦੇ ਮਾਰਗਦਰਸ਼ਨ ਹੇਠ ਚਲਾਈਆਂ ਜਾ ਰਹੀਆਂ ਰਾਸ਼ਟਰੀ ਸਹਿਕਾਰੀ ਸੰਸਥਾਵਾਂ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਖ਼ਾਸ ਤੌਰ 'ਤੇ ਸਵੈ-ਸਹਾਇਤਾ ਸਮੂਹਾਂ ਲਈ ਉਪਲਬਧ ਵਿੱਤੀ ਸਹਾਇਤਾ, ਸਵੈ-ਰੁਜ਼ਗਾਰ, ਕਰਜ਼ਾ ਸਹੂਲਤਾਂ ਅਤੇ ਹੋਰ ਸਰਕਾਰੀ ਭਲਾਈ ਯੋਜਨਾਵਾਂ ਬਾਰੇ ਜਾਣੂ ਕਰਵਾਇਆ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਹਾਜ਼ਰ ਭਾਗੀਦਾਰਾਂ ਨੇ ਯੋਜਨਾਵਾਂ ਨਾਲ ਸਬੰਧਤ ਆਪਣੇ ਸਵਾਲ ਪੁੱਛੇ, ਜਿਨ੍ਹਾਂ ਦੇ ਅਧਿਕਾਰੀਆਂ ਵੱਲੋਂ ਵਿਸਥਾਰਪੂਰਵਕ ਜਵਾਬ ਦਿੱਤੇ ਗਏ। ਹਾਜ਼ਰ ਲੋਕਾਂ ਨੇ ਅਜਿਹੇ ਜਾਗਰੂਕਤਾ ਪ੍ਰੋਗਰਾਮਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲੇ ਨਿਯਮਿਤ ਤੌਰ 'ਤੇ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਐੱਸ.ਐੱਸ.ਆਰ.ਵੀ.ਐੱਮ. ਸੀਨੀਅਰ ਸੈਕੰਡਰੀ ਸਕੂਲ ਨਵਾਂ ਨੰਗਲ ਵਿਖੇ '21ਵੀਂ ਸਦੀ ਦੇ ਬੱਚਿਆਂ ਨੂੰ ਕਿਵੇਂ ਸਮਝੀਏ' ਵਿਸ਼ੇ 'ਤੇ ਸੈਮੀਨਾਰ ਆਯੋਜਿਤ

ਪੈਗਾਮ-ਏ-ਜਗਤ/ਨੰਗਲ/ਊਨਾ
4 ਜੁਲਾਈ (ਰਾਜਵੀਰ ਚੋਪੜਾ)

ਐੱਸ.ਐੱਸ.ਆਰ.ਵੀ.ਐੱਮ. ਸੀਨੀਅਰ ਸੈਕੰਡਰੀ ਸਕੂਲ, ਨਵਾਂ ਨੰਗਲ ਵਿਖੇ '21ਵੀਂ ਸਦੀ ਦੇ ਬੱਚਿਆਂ ਨੂੰ ਕਿਵੇਂ ਸਮਝੀਏ' ਵਿਸ਼ੇ 'ਤੇ ਇੱਕ ਜਾਗਰੂਕਤਾ ਅਤੇ ਸਿੱਖਿਆਦਾਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦਾ ਉਦੇਸ਼ ਬਦਲਦੇ ਸਮੇਂ ਵਿੱਚ ਬੱਚਿਆਂ ਦੀ ਸੋਚ, ਵਿਵਹਾਰ ਅਤੇ ਲੋੜਾਂ ਨੂੰ ਸਮਝਦਿਆਂ ਅਧਿਆਪਕਾਂ ਅਤੇ ਮਾਪਿਆਂ ਨੂੰ ਪ੍ਰਭਾਵਸ਼ਾਲੀ ਮਾਰਗਦਰਸ਼ਨ ਪ੍ਰਦਾਨ ਕਰਨਾ ਸੀ।

ਸੈਮੀਨਾਰ ਦੀ ਮੁੱਖ ਵਕਤਾ ਸ੍ਰੀਮਤੀ ਪਾਹੁਲ ਪਦਮ (ਡਿਪਾਰਟਮੈਂਟ ਆਫ਼ ਸਾਫ਼ਟ ਸਕਿਲਜ਼, ਐਲ.ਪੀ.ਯੂ.) ਅਤੇ ਮੁੱਖ ਵਕਤਾ ਸ੍ਰੀ ਸੁਮੇਰ ਖ਼ੁਲਰ (ਆਫ਼ਤ ਮੋਰ, ਦਿਸ਼ਾ, ਐਲ.ਪੀ.ਯੂ.) ਸਨ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਪ੍ਰਜਵਲਿਤ ਕਰਨ ਅਤੇ ਪ੍ਰਾਰਥਨਾ ਨਾਲ ਕੀਤੀ ਗਈ।

ਆਪਣੇ ਸੰਬੋਧਨ ਦੌਰਾਨ ਵਕਤਾਵਾਂ ਨੇ ਕਿਹਾ ਕਿ ਅੱਜ ਦਾ ਬੱਚਾ ਸੋਸ਼ਲਮੀਡੀਆ ਅਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਪਲ ਰਿਹਾ ਹੈ। ਉਸ ਦੀ

ਸੋਚ, ਸਿੱਖਣ ਦਾ ਢੰਗ ਅਤੇ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਪਹਿਲਾਂ ਨਾਲੋਂ ਕਾਫ਼ੀ ਵੱਖਰੀ ਹੈ। ਅਜਿਹੇ ਵਿੱਚ ਮਾਪਿਆਂ ਅਤੇ ਅਧਿਆਪਕਾਂ ਲਈ ਸਭ ਤੋਂ ਵੱਡੀ ਚੁਣੌਤੀ ਬੱਚਿਆਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣਾ ਹੈ। ਸੈਮੀਨਾਰ ਦੌਰਾਨ ਬੱਚਿਆਂ ਦਾ ਸਕ੍ਰੀਨ ਟਾਈਮ ਸੰਤੁਲਿਤ ਕਰਨ, ਉਨ੍ਹਾਂ ਦੀ ਸੋਚਣ ਅਤੇ ਰਚਨਾਤਮਕ ਸਮਰੱਥਾ ਨੂੰ ਵਿਕਸਤ ਕਰਨ ਅਤੇ ਸਕਾਰਾਤਮਕ ਸੰਵਾਦ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਵਕਤਾਵਾਂ ਨੇ ਕਿਹਾ ਕਿ ਬੱਚੇ ਡਾਂਟ ਨਾਲ ਨਹੀਂ, ਸਗੋਂ ਪਿਆਰ, ਸਮਝ ਅਤੇ ਪ੍ਰਭਾਵਸ਼ਾਲੀ ਸੰਵਾਦ ਰਾਹੀਂ ਵਧੀਆ ਸਿੱਖਦੇ ਹਨ। ਅੰਤ ਵਿੱਚ ਸਕੂਲ ਦੇ ਮਹਾਪ੍ਰਬੰਧਕ ਸ੍ਰੀ ਸੁਮੇਸ਼ ਸ਼ਰਮਾ ਨੇ ਸ੍ਰੀਮਤੀ ਪਾਹੁਲ ਪਦਮ ਅਤੇ ਸ੍ਰੀ ਸੁਮੇਰ ਖ਼ੁਲਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਬੱਚਿਆਂ ਦਾ ਸਹੀ ਮਾਰਗਦਰਸ਼ਨ ਕਰਨਾ ਅਧਿਆਪਕਾਂ ਅਤੇ ਮਾਪਿਆਂ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਅਤੇ ਸਾਰਿਆਂ ਨੂੰ ਮਿਲ ਕੇ ਇਸ ਚੁਣੌਤੀ ਦਾ ਸਫ਼ਲਤਾ ਨਾਲ ਸਾਹਮਣਾ ਕਰਨਾ ਹੋਵੇਗਾ।

ਪੰਜਾਬ ਵਿੱਚ 'ਘਰ-ਘਰ ਸੋਲਰ' ਮੁਹਿੰਮ ਦੀ ਸ਼ੁਰੂਆਤ ਕੀਤੀ

ਅੰਮ੍ਰਿਤਸਰ,
(ਪੈਗਾਮ-ਏ-ਜਗਤ)

ਟਾਟਾ ਪਾਵਰ ਰੀਨਿਊਏਬਲ ਐਨਰਜੀ ਲਿਮਟਿਡ ਦੇ ਹਿੱਸੇ ਅਤੇ ਟਾਟਾ ਪਾਵਰ ਦੀ ਸਹਾਇਕ ਕੰਪਨੀ, ਟਾਟਾ ਪਾਵਰ ਸੋਲਰ ਰੂਫ ਨੇ ਅੱਜ ਪੰਜਾਬ ਵਿੱਚ ਆਪਣੀ ਪ੍ਰਮੁੱਖ ਮੁਹਿੰਮ 'ਘਰ ਘਰ ਸੋਲਰ' ਦੀ ਸ਼ੁਰੂਆਤ ਕੀਤੀ। ਇਸ ਦੇ ਨਾਲ ਹੀ ਟਾਟਾ ਪਾਵਰ ਬੈਟਰੀ ਸਟੋਰੇਜ ਹੱਲ ਵੀ ਪੇਸ਼ ਕੀਤੇ

ਪਲਾਸਟਿਕ ਨੂੰ ਕਰੋ ਨਾਂਹ, ਕੱਪੜੇ ਦੇ ਥੈਲੇ ਨੂੰ ਕਰੋ ਹਾਂ : ਮੇਅਰ ਕੁੰਦਨ ਗੋਗੀਆ, ਉਪਕਾਰ ਸਿੰਘ

ਪਟਿਆਲਾ, 4 ਜੁਲਾਈ
(ਪੈਗ਼ਾਮ-ਏ-ਜਗਤ)

ਐਤਰਵਾਸ਼ਦਰੀ ਪਲਾਸਟਿਕ ਥੈਗ ਮੁਕਤ ਦਿਵਸ ਦੇ ਮੌਕੇ ਤੇ ਸ਼ਾਹੀ ਸ਼ਹਿਰ ਦੀ ਨਾਮੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ (ਰਜਿ) ਪਟਿਆਲਾ। ਵੱਲੋਂ ਨਹਿਰੂ ਪਾਰਕ ਵਿੱਚ ਮਨਾਇਆ ਗਿਆ।

ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਪਟਿਆਲ ਦੇ ਮੇਅਰ ਕੁੰਦਨ ਗੋਗੀਆ ਜੀ ਨੇ ਕਿਹਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਪਟਿਆਲਾ ਪ੍ਰਧਾਨ ਉਪਕਾਰ ਸਿੰਘ ਦੀ ਅਗਵਾਈ ਵਿੱਚ ਹਮੇਸ਼ਾਂ ਚੰਗੇ ਕਾਰਜ ਨੂੰ ਤਰਜੀਹ ਦੇਂਦੀ ਆਂ ਰਹੀ ਹੈ ਪਲਾਸਟਿਕ ਨੂੰ ਖਤਮ ਕਰਨਾ ਸਭ ਤੋਂ ਵਧੀਆ ਕਾਰਜ ਹੈ ਇਸ ਨੂੰ ਜਮੀਨ ਵਿੱਚ ਦੱਬ ਦੇ ਸਾਲ ਬਾਦ ਕੱਢੇ ਉਵੇਂ ਦਾ ਉਵੇਂ ਹੀ ਰਹੇਗਾ ਗਲ਼ ਦਾ ਨਹੀ ਹੈ।ਇਸ ਤਰਾਂ ਇਹਨਾਂ ਲਿਫਾਫਿਆਂ ਵਿੱਚ ਚੀਜ ਲਿਆਉਣੀ ਖਤਰਨਾਕ ਹੈ।ਇਹ ਲਿਫਾਫੇ ਬਰਸਾਤਾਂ ਵਿੱਚ ਨਾਲੀਆਂ ਵਿੱਚ ਫਸ ਜਾਂਦੇ ਹਨ। ਹੜ੍ਹਾ ਦਾ ਵੀ ਕਾਰਨ ਬਣਦੇ ਹਨ।ਇਹ ਗਲਦਾ ਨਹੀ ਹੈ। ਇਸ ਲਈ ਸਾਨੂੰ ਪਲਾਸਟਿਕ ਦੇ ਥੈਗ ਨੂੰ ਕਰੋ ਨਾਂਹ, ਕੋਰੀ ਨਾਂਹ। ਸੂਤੀ ਕਪੜੇ ਦੇ ਥੈਲੇ ਨੂੰ ਕਰੋ ਹਾਂ 21 ਜੂਨ ਨੂੰ ਉਪਕਾਰ ਸਿੰਘ ਦੀ ਅਗਵਾਈ ਵਿੱਚ ਕਲੀਨ ਪਟਿਆਲਾ,ਗਰੀਨ ਪਟਿਆਲਾ ਮੁਹਿਮ ਦੇਰਾਨ ਗਰੀਨ ਅਵਾਰਡ ਵੀ ਦਿਤੇ ਗਏ ਹਨ ਜੋ ਹਰ ਸਾਲ ਦਿਤੇ ਜਾਣਗੇ ਜੋ ਪਾਰਕਾ ਦੀ ਸਫਾਈ, ਵਾਤਾਵਰਨ ਸੰਭਾਲ ਜੋ ਸਾਮਾਜ ਦੀ ਵਾਤਾਵਰਨ ਪ੍ਰੇਮੀਆ ਦੁਆਰਾ ਕੀਤੇ ਜਾਣਗੇ।

ਇਹ ਕਿਹਾ ਮੇਅਰ ਗੋਗੀਆ ਨੇ। ਪ੍ਰਧਾਨਗੀ ਕਰਦਿਆ ਇਸ ਮੌਕੇ ਬੋਲਦਿਆਂ ਉਪਕਾਰ ਸਿੰਘ ਨੇ ਪਹਿਲਾਂ ਲੋਕ ਘਰ 'ਚ ਹੀ ਕਪੜੇ ਦੇ ਥੈਲੇ ਬਣਾਕੇ ਵਰਤਦੇ ਸਨ। ਜੋ ਕੀ ਵਾਤਾਵਰਨ ਲਈ ਇੱਕ ਸਹੀ ਕਦਮ ਸੀ। ਸਾਨੂੰ ਉਹੀ ਪ੍ਰੰਪਰਾ ਦੁਬਾਰਾ ਜੀਵਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਅੱਜ ਪੂਰਾ ਵਿਸਵ ਵਾਤਾਵਰਨ, ਪਦੂਸਣ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਅਸੀ ਆਪ ਜਿਮੇਵਾਰ ਹਾਂ। ਨਵੀਂ ਜਨਰੇਸ਼ਨ ਨੂੰ ਅੱਗੇ ਆ ਕੇ ਪਲਾਸਟਿਕ ਰਹਿਤ ਬਣਾਉਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਜੇ ਅਸੀਂ ਅੱਜ ਕਦਮ ਨਹੀ ਚੁੱਕਾਂਗੇ, ਤਾਂ ਭਵਿੱਖ ਗੰਭੀਰ ਖਤਰੇ ਵਿੱਚ ਹੋਵੇਗਾ। ਇਸ ਮੌਕੇ ਮੇਅਰ ਸਾਹਿਬ ਨੇ ਪਲਾਸਟਿਕ ਦੀ ਵਰਤੋ ਨਹੀ ਕਰਾਂਗੇ ਸੌਹ ਵੀ ਚੁਕਾਈ। ਤੇ ਉਪਕਾਰ ਸਿਘ ਦੀ ਤਾਰੀਫ ਕੀਤੀ ਕੀ ਇਹ ਸਮੇ ਸਮੇ ਸਮਾਜ ਲਈ ਵਾਤਾਵਰਨ, ਨੈ ਪਲਾਸਟਿਕ, ਸਫਾਈ ਅਭਿਮਾਨ, ਮੈਡੀਕਲ ਕੈਂਪ, ਅੱਖਾਂ ਦੇ ਅਪਰੇਸ਼ਨ ਆਦਿ ਕਰਵਾਉਂਦੇ ਰਹਿੰਦੇ ਹਨ।

ਇਹ ਲੱਗ ਭੱਗ 3000 ਕੈਪ ਲਾ ਚੁਕੇ ਹਨ। ਜਰੂਰਤ ਮੰਦ ਵਿਦਿਆਰਥੀਆਂ ਦੀ ਜਰੂਰਤ ਮੰਦਾ ਦੀ ਸਮੇ ਸਮੇ ਸਹਾਇਤਾ ਵੀ ਕਰਦੇ ਹਨ ਪ੍ਰਮਾਤਮਾ ਇਨ੍ਹਾਂ ਦੀ ਤੰਦਰੁਸਤੀ ਬਖਸ਼ੇ ਤੇ ਲੋਕ ਭਲਾਈ ਕੰਮ ਕਰਦੇ ਰਹਿਣ।

ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਸ਼੍ਰੋਮਣੀ ਭਗਤ ਕਬੀਰ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ

ਐਸ.ਏ.ਐਸ. ਮੁਹਾਲੀ
(ਪੈਗ਼ਾਮ-ਏ-ਜਗਤ)

ਧੰਨ-ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਮਹਾਨ ਕ੍ਰਾਂਤੀਕਾਰੀ, ਬ੍ਰਹਮਗਿਆਨੀ, ਸ਼੍ਰੋਮਣੀ ਭਗਤ ਕਬੀਰ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਨਮ ਦਿਹਾੜੇ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।

ਇਸ ਉਪਰੰਤ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ ਇਸ ਗੁਰਮਤਿ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਜੀ ਦੇ ਇਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਸ੍ਰੋਮਣੀ ਭਗਤ ਕਬੀਰ ਜੀ ਦੇ ਜੀਵਨ ਬ੍ਰਿਤਾਂਤ ਅਤੇ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਣੀ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਸਰਵਣ ਕਰਾਇਆ। ਭਾਈ ਗਿਆਨ ਸਿੰਘ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾਂ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ।

ਸ਼੍ਰੋਮਣੀ ਪ੍ਰਚਾਰਕ ਭਾਈ ਹਰਬੀਰ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਰਾਹੀ ਦੱਸਿਆ ਕਿ ਭਗਤ ਕਬੀਰ ਜੀ ਦਾ ਜਨਮ 1440ਈ ਵਿੱਚ ਬਨਾਰਸ ਵਿਖੇ ਹੋਇਆ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 15 ਭਗਤਾਂ ਦੀ ਬਾਣੀ ਵਿੱਚੋਂ ਸਭ ਤੋਂ ਵੱਧ ਆਪ ਜੀ ਦੀ ਬਾਣੀ 18 ਰਾਗਾਂ ਵਿੱਚ 541 ਸ਼ਬਦਾਂ ਵਿੱਚ ਸੁਸ਼ੋਭਿਤ ਹੈ।

ਇਸ ਤੋਂ ਇਲਾਵਾ ਚੜ੍ਹਦੀਕਲਾ ਕੀਰਤਨੀ ਜੱਥਾ, ਭਾਈ ਜਗਮੀਤ ਸਿੰਘ ਜੀ, ਸ਼ੇਰੇ ਪੰਜਾਬ ਕਵੀਸ਼ਰੀ ਜੱਥਾ,ਮਾਤਾ ਸੁੰਦਰ ਕੌਰ ਸਬਰ ਸੇਵਾ ਸੋਸਾਇਟੀ, ਅਕਾਲ ਕਵੀਸ਼ਰੀ ਜੱਥਾ, ਭਾਈ ਸੁਖਵਿੰਦਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਸ਼ੀਬੀਆਂ, ਭਾਈ ਰਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਕੀਰਤਨ, ਕਥਾ , ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀ ਸੰਗਤਾਂ ਨੂੰ ਸਾਰਾ ਦਿਨ ਹਰ ਜਸ ਸੁਣਾ ਕੇ ਨਿਹਾਲ ਕੀਤਾ।

ਸਾਰੇ ਜਥਿਆ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਰਬਾਰ ਸਾਹਿਬ ਜੀ ਦੀ ਅੰਦਰੋ ਬੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ । ਇਸ ਦਹਾੜੇ ਤੇ ਹਜਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਠੰਢੇ ਮੀਠੇ ਜਲ ਦੀ ਛਬੀਲ ਅਤੇ ਗੁਰੂ ਕਾ ਲੰਗਰ ਸਾਰਾ ਦਿਨ ਸੰਗਤਾਂ ਨੂੰ ਅਤੂੱਟ ਵਰਤਾਇਆ ਗਿਆ।

ਸੇਫਟੀ, ਅਰੋਗਤਾ ਅਤੇ ਪੀੜਤਾਂ ਦੀ ਸਹਾਇਤਾ ਦੇ ਗਿਆਨ, ਜਾਨਾਂ ਬਚਾਉਣ ਲਈ ਮਦਦਗਾਰ ਸਾਬਤ ਹੁੰਦੇ ਹਨ- ਡਾਕਟਰ ਕਰਮਜੀਤ ਕੌਰ

ਪਟਿਆਲਾ, 4 ਜੁਲਾਈ
(ਪੈਗ਼ਾਮ-ਏ-ਜਗਤ)

ਦਿਨ ਪ੍ਰਤੀ ਦਿਨ ਵਧਦੀਆਂ ਜਾ ਰਹੀਆਂ ਕੁਦਰਤੀ, ਮੌਸਮੀ ਅਤੇ ਮਨੁੱਖੀ ਆਪਦਾਵਾਂ, ਅੱਗਾਂ ਭੁਚਾਲ ਹੜਾਂ ਸੁਨਾਮੀਆਂ ਬਵਲ ਫੌਟਣ, ਕਾਰਨ ਹਰੇਕ ਹਜ਼ਾਰਾਂ ਸਿਹਤਮੰਦ, ਤਦੰਰੁਸਤ ਲੋਕਾਂ, ਬੱਚਿਆਂ ਅਤੇ ਨੌਜਵਾਨਾਂ ਦੀਆਂ ਮੌਤਾਂ ਸਮਾਜ ਨੂੰ ਸਦੀਵੀ ਦਰਦ ਦੇ ਰਹੇ ਹਨ ਸ਼ਾਇਦ ਲੋਕਾਂ ਨੂੰ ਗੈਸਾਂ ਬਿਜਲੀ ਪੈਟਰੋਲੀਅਮ ਪਦਾਰਥਾਂ ਦੀ ਠੀਕ ਵਰਤੋਂ ਅਤੇ ਐਮਰਜੈਂਸੀ ਦੌਰਾਨ ਆਪਣੀ ਸੋਫਟੀ, ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਦੀ ਟ੍ਰੇਨਿੰਗਾਂ ਅਭਿਆਸ ਨਹੀਂ ਹੁੰਦੇ ਇਸ ਲਈ ਇਹ ਬੇਹੱਦ ਜ਼ਰੂਰੀ ਹੋ ਗਿਆ ਕਿ ਵਿਦਿਆਰਥੀਆਂ, ਅਧਿਆਪਕਾਂ ਕਰਮਚਾਰੀਆਂ ਅਤੇ ਉਨ੍ਹਾਂ ਰਾਹੀਂ ਮਾਪਿਆਂ ਨੂੰ ਤਬਾਹੀਆਂ ਕਰਨ ਵਾਲੀਆਂ ਰਸਾਇਣਕ ਪ੍ਰਮਾਣੂ ਬਿਜਲੀ ਪੈਟਰੋਲੀਅਮ ਪਦਾਰਥਾਂ ਦੀ ਠੀਕ ਵਰਤੋਂ ਅਤੇ ਐਮਰਜੈਂਸੀ ਦੌਰਾਨ ਆਪਣੀ ਸੁਰੱਖਿਆ ਅਤੇ ਪੀੜਤਾਂ ਦੀ ਸਹਾਇਤਾ ਕਰਨ ਦੀਆਂ ਟ੍ਰੇਨਿੰਗਾਂ ਅਭਿਆਸ ਕਰਵਾਏ ਜਾਣ, ਜਿਸ ਹਿੱਤ ਸਰਕਾਰਾਂ, ਜ਼ਿਲ੍ਹਾ ਪ੍ਰਸ਼ਾਸਨ, ਜ਼ਿਲਾ ਸਿੱਖਿਆ ਅਫਸਰ ਅਤੇ ਮਾਪਿਆਂ ਵੱਲੋਂ ਵੀ ਕਿਹਾ ਜਾ ਰਿਹਾ ਹੈ, ਇਹ ਵਿਚਾਰ ਪੀ ਐਮ ਸ੍ਰੀ ਸਰਕਾਰੀ ਕੋਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਨੌਰ ਦੇ ਪ੍ਰਿੰਸੀਪਲ ਡਾਕਟਰ ਕਰਮਜੀਤ ਕੌਰ ਨੇ ਸਕੂਲ

ਵਿਖੇ ਹੀਟ ਵੇਵ, ਤਪਸ਼, ਲੂ ਕਾਰਨ ਲਗ ਰਹੀਆਂ ਗੈਸਾਂ, ਬਿਜਲੀ, ਪੈਟਰੋਲੀਅਮ ਪਦਾਰਥਾਂ ਦੀਆਂ ਅੱਗਾਂ ਅਤੇ ਹੈਜ਼ਾ, ਡਿਹਾਇਡਰੈਸਨ, ਸੰਨ ਸਟਰੋਕ, ਬ੍ਰੇਨ ਸਟਰੋਕ, ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਸਦਮੇਂ ਸਬੰਧੀ ਕਰਵਾਏ ਜਾਗ਼ਰੂਤੀ ਪ੍ਰੋਗਰਾਮ ਦੌਰਾਨ ਰੌਡ ਕਰਾਸ ਸੁਸਾਇਟੀ ਦੇ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਅਤੇ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਟ੍ਰੇਨਰ ਸ੍ਰੀ ਕਾਕਾ ਰਾਮ ਵਰਮਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਸਮਸਿਆਵਾਂ ਤੋਂ ਬਚਣ ਦੀ ਜਾਣਕਾਰੀ ਅਤੇ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗਾਂ, ਅਭਿਆਸ ਗਲੀਆਂ, ਮਹਲਿਆ ਕਾਲੋਨੀਆਂ ਅਤੇ ਵਿੰਦਿਅਕ ਅਦਾਰਿਆਂ ਵਿਖੇ ਲਗਾਤਾਰ ਕਰਵਾਏ ਜਾਣ ਕਿਉਂਕਿ ਵੱਧ ਹਾਦਸੇ, ਦੁਰਘਟਨਾਵਾਂ ਅਤੇ ਬਿਮਾਰੀਆਂ ਅਣਗਹਿਲੀ, ਅਗਿਆਨਤਾ ਅਤੇ ਲਾਪਰਵਾਹੀਆਂ ਕਾਰਨ ਵੱਧ ਰਹੀਆਂ ਅਤੇ ਬੇਵਕਤੀ ਮੌਤਾਂ ਹੋ ਰਹੀਆਂ ਹਨ।

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ਼ ਦੇ ਵਿਕਾਸ ਨੂੰ ਪਿਛਲੇ 12 ਸਾਲਾਂ ਵਿੱਚ ਮਿਲੀ ਰਫ਼ਤਾਰ : ਨਾਇਬ ਸਿੰਘ ਸੈਣੀ

ਸੂਬੇ ਵਿੱਚ ਸਰਕਾਰ ਨੇ 66 ਵਾਅਦੇ ਕੀਤੇ ਪੂਰੇ, 151 ਵਾਅਦਿਆਂ 'ਤੇ ਚੱਲ ਰਿਹਾ ਹੈ ਤੇਜ਼ੀ ਨਾਲ ਕੰਮ

ਪੈਗ਼ਾਮ-ਏ-ਜਗਤ/ਚੰਡੀਗੜ੍ਹ
4 ਜੁਲਾਈ (ਹਰਮਿੰਦਰ ਸਿਘ ਨਾਗਪਾਲ)

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਨੇ ਪਿਛਲੇ 12 ਸਾਲਾਂ ਵਿੱਚ ਰਫ਼ਤਾਰ ਨਾਲ ਕਿਆਸ ਕੀਤਾ ਹੈ, ਅੱਜ ਸੂਬਾ ਵੀ ਡਬਲ ਇਜਨ ਦੀ ਸਰਕਾਰ ਦੀ

- ਮੁੱਖ ਮੰਤਰੀ ਨੇ ਪਿੰਡ ਖੇੜੀ ਦਾਬਦਲਾਨ ਅਤੇ ਘੜੌਲੀ ਵਿੱਚ ਵਿਕਾਸ ਕਾਰਜਾਂ ਲਈ ਕੀਤੀਆਂ ਘੋਸ਼ਣਾਵਾਂ, ਸਰਪੰਚਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦਾ ਦਿੱਤਾ ਭਰੋਸਾ

ਅਗਵਾਈ ਵਿੱਚ ਵਿਕਾਸ ਦੇ ਨਵੇਂ ਆਯਾਮ ਛੂਹ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਜਨਤਾ ਨਾਲ ਕੀਤੇ ਗਏ 217 ਸੰਕਲਪਾਂ ਵਿੱਚੋਂ 66 ਵਾਅਦੇ ਪੂਰੇ ਕਰ ਲਏ ਗਏ ਹਨ ਅਤੇ 151 ਵਾਅਦਿਆਂ 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਨੀਵਾਰ ਨੂੰ ਕੁਰੁਕਸ਼ੇਤਰ ਦੇ ਲਾਡਵਾ ਵਿਧਾਨ ਸਭਾ ਖੇਤਰ ਦੇ ਵੱਖ-ਵੱਖ ਪਿੰਡਾਂ ਵਿੱਚ ਆਮ ਲੋਕਾਂ ਨਾਲ ਰੂ-ਬ-ਰੂ ਹੋ ਰਹੇ ਸਨ। ਇਸ ਦੌਰਾਨ ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸ਼ੁਰੂ ਤੋਂ ਹੀ ਝੂਠ ਬੋਲਣ ਦੀ ਨੀਤੀ ਰਹੀ ਹੈ, ਕਾਂਗਰਸ ਨੇ ਜਨਤਾ ਨਾਲ ਸਿਰਫ਼ ਵਾਅਦੇ ਕੀਤੇ ਅਤੇ ਸੱਤਾ ਪਾਉਣ ਤੋਂ ਬਾਅਦ ਉਨ੍ਹਾਂ 'ਤੇ ਕੰਮ ਨਹੀਂ ਕੀਤਾ, ਹਾਲਾਤ ਇਹ ਰਹੇ ਕਿ ਜਨਤਾ ਨੇ ਉਨ੍ਹਾਂ ਨੂੰ ਨਿਗਮ ਚੋਣਾਂ ਵਿੱਚ ਵੀ ਨਕਾਰ ਦਿੱਤਾ।

ਲਾਡਵਾ ਵਿਧਾਨ ਸਭਾ ਦੇ ਪਿੰਡ ਖੇੜੀ ਦਾਬਦਲਾਨ, ਘੜੌਲੀ ਵਿਖੇ ਆਯੋਜਿਤ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਿੰਡ ਖੇੜੀ ਦਾਬਦਲਾਨ ਵਿੱਚ ਵਿਕਾਸ ਕਾਰਜਾਂ ਲਈ 21 ਲੱਖ ਰੁਪਏ ਅਤੇ ਪੀਣ ਵਾਲੇ ਪਾਣੀ ਲਈ ਨਵਾਂ ਟਿਊਬਵੈਲ ਲਗਾਉਣ ਲਈ 21 ਲੱਖ ਰੁਪਏ, ਪਿੰਡ ਘੜੌਲੀ ਵਿੱਚ ਪਾਣੀ ਦੀ ਨਿਕਾਸੀ ਲਈ 21 ਲੱਖ ਰੁਪਏ ਅਤੇ ਪਿੰਡ ਦੇ ਵਿਕਾਸ ਲਈ

21 ਲੱਖ ਰੁਪਏ ਦੇਣ ਦੀ ਘੋਸ਼ਣਾ ਕੀਤੀ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਸਰਪੰਚਾਂ ਵੱਲੋਂ ਆਪਣੇ-ਆਪਣੇ ਪਿੰਡ ਦੀਆਂ ਵਿਕਾਸ ਯੋਜਨਾਵਾਂ ਦੇ ਸਬੰਧ ਵਿੱਚ ਰੱਖੀਆਂ ਗਈਆਂ ਮੰਗਾਂ ਨੂੰ ਵੀ ਪੂਰਾ ਕਰਨ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪੇਂਡੂ ਇਲਾਕਿਆਂ ਦਾ ਵੀ ਸ਼ਹਿਰਾਂ ਦੀ ਤਰਜ਼ 'ਤੇ ਵਿਕਾਸ ਕਰ ਰਹੀ ਹੈ, ਵਿਕਾਸ ਦੇ ਮਾਮਲਿਆਂ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਬਣਨ ਤੋਂ ਬਾਅਦ ਸਭ ਤੋਂ ਪਹਿਲਾਂ ਕਿਛਨੀ ਦੇ ਮਰੀਜ਼ਾਂ ਲਈ ਪੂਰੇ ਸੂਬੇ ਦੇ ਸਰਕਾਰੀ ਹਸਪਤਾਲਾਂ ਵਿੱਚ ਡਾਇਲਿਸਿਸ ਸਹੂਲਤ ਨੂੰ ਮੁਫ਼ਤ ਕੀਤਾ। ਇਸੇ ਤਰ੍ਹਾਂ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਨੂੰ ਐਮ.ਐਸ.ਪੀ. 'ਤੇ ਖਰੀਦਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਨੇ ਆਪਣੇ ਵਾਅਦੇ ਨੂੰ ਪੂਰਾ ਕਰਦੇ ਹੋਏ ਲੈਡਵੇਲ ਮਹਿਲਾਵਾਂ ਨੂੰ 500 ਰੁਪਏ ਵਿੱਚ ਗੈਸ ਦਾ ਸਿਲੰਡਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਤਹਿਤ ਸੂਬਾ ਸਰਕਾਰ ਵੱਲੋਂ 300 ਕਰੋੜ ਰੁਪਏ ਤੋਂ ਵੱਧ ਦੀ ਸਬਸਿਡੀ ਮਹਿਲਾਵਾਂ ਦੇ ਖਾਤਿਆਂ ਵਿੱਚ ਵੀ ਭੇਜੀ ਜਾ ਚੁੱਕੀ ਹੈ।

ਮੁੱਖ ਮੰਤਰੀਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਮਹਿਲਾਵਾਂ ਨੂੰ ਪ੍ਰਤੀ ਮਹੀਨਾ 2100 ਰੁਪਏ ਦੇਣ ਦੇ ਵਾਅਦੇ ਨੂੰ ਪੂਰਾ ਕਰਦੇ ਹੋਏ ਪਹਿਲੇ ਬਜਟ ਵਿੱਚ 5 ਕਰੋੜ ਰੁਪਏ ਦਾ ਪ੍ਰਬੰਧ ਕੀਤਾ। ਦੀਨਦਿਆਲ ਲਾਡੋ ਲੱਛਮੀ ਯੋਜਨਾ ਨੂੰ ਲਾਗੂ ਕਰਕੇ ਮਹਿਲਾਵਾਂ ਦੇ ਖਾਤਿਆਂ ਵਿੱਚ ਹੁਣ ਤੱਕ 1650 ਕਰੋੜ ਰੁਪਏ ਪਹੁੰਚਾਏ ਹਨ। ਇਸ ਯੋਜਨਾ ਦਾ ਵਿਸਤਾਰ ਕਰਦੇ ਹੋਏ 80 ਫੀਸਦੀ ਤੋਂ ਵੱਧ ਨੰਬਰ ਲੈਣ ਵਾਲੇ ਬੱਚਿਆਂ ਦੀਆਂ ਮਾਵਾਂ ਨੂੰ ਯੋਜਨਾ ਨਾਲ ਜੋੜਿਆ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਦੇ 103 ਸਕੂਲਾਂ ਵਿੱਚ ਮਿਸ਼ਨ ਬੁਨਿਆਦ ਪ੍ਰੋਗਰਾਮ ਚੱਲ ਰਿਹਾ ਹੈ, ਜਿਨ੍ਹਾਂ ਨੂੰ ਅੱਗੇ ਚੱਲ ਕੇ ਸ਼ੁਰਵਾ 100 ਪ੍ਰੋਗਰਾਮ ਲਈ ਚੁਣਿਆ ਜਾਂਦਾ ਹੈ। ਇਸ ਸਾਲ ਸ਼ੁਰਵਾ 100 ਦੇ 270 ਬੱਚਿਆਂ ਨੂੰ ਦੇਸ਼ ਦੇ ਟੋਪ ਆਈ.ਆਈ.ਟੀ., ਐਨ.ਆਈ.ਟੀ. ਸਮੇਤ ਹੋਰ ਸੰਸਥਾਨਾਂ ਵਿੱਚ ਦਾਖਲਾ ਮਿਲਿਆ ਹੈ। ਮੁੱਖ ਮੰਤ

ਐਡਵੋਕੇਟ ਬਰਿੰਦਰ ਗੋਇਲ ਅਤੇ ਐਡਵੋਕੇਟ ਗੌਰਵ ਗੋਇਲ ਨੇ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸਾਂ ਨੂੰ ਕੀਤਾ ਰਵਾਨਾ

ਜਨਤਾ ਨੂੰ ਧਰਮ ਅਤੇ ਸੱਭਿਆਚਾਰ ਨਾਲ ਜੋੜ ਕੇ ਰੱਖਣਾ ਯਾਤਰਾ ਦਾ ਮੁੱਖ ਉਦੇਸ਼ : ਮੰਤਰੀ ਗੋਇਲ

ਲਹਿਰਾਗਾਗਾ 04 ਜੁਲਾਈ
(ਪੈਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਆਪਣੇ ਧਰਮ ਤੇ ਸੱਭਿਆਚਾਰ ਨਾਲ ਜੋੜ ਕੇ ਰੱਖਣ ਲਈ ਚਲਾਈ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਅੱਜ ਕੈਬਨਿਟ ਮੰਤਰੀ ਐਡਵੋਕੇਟ ਬਰਿੰਦਰ ਗੋਇਲ ਅਤੇ ਉਨ੍ਹਾਂ ਦੇ ਬੇਟੇ ਐਡਵੋਕੇਟ ਗੌਰਵ ਗੋਇਲ ਵੱਲੋਂ ਹਲਕੇ ਦੇ ਪਿੰਡ ਆਲਮਪੁਰ, ਅਲੀਸ਼ੇਰ ਅਤੇ ਗੁਰਨੇ ਕਲਾਂ ਤੋਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਉਣ ਲਈ ਲੋਕਾਂ ਨਾਲ ਭਰੀਆਂ ਬੱਸਾਂ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ, ਇਸ ਦੌਰਾਨ ਵੱਖ-ਵੱਖ ਪਿੰਡਾਂ ਅੰਦਰ ਲੋਕਾਂ ਵੱਲੋਂ ਮੰਤਰੀ ਗੋਇਲ ਦਾ ਭਰਵਾਂ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਹਲਕਾ ਲਹਿਰਾਗਾਗਾ ਅੰਦਰ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾ ਕੇ ਲੋਕਾਂ ਨੂੰ ਧਰਮ ਅਤੇ ਸੱਭਿਆਚਾਰ ਨਾਲ ਜੋੜਿਆ ਜਾ ਰਿਹਾ ਹੈ ਅਤੇ ਲੋਕ ਵੱਖ-ਵੱਖ ਸਮਾਜਿਕ ਬੁਰਾਈਆਂ ਤੋਂ ਦੂਰ ਹੋ ਰਹੇ ਹਨ, ਬਜ਼ੁਰਗਾਂ ਨੇ ਵਿਸ਼ੇਸ਼ ਤੌਰ ਤੇ ਮੰਤਰੀ ਗੋਇਲ ਦਾ ਧੰਨਵਾਦ ਕੀਤਾ। ਇਸ ਮੌਕੇ ਤੀਰਥ

ਯਾਤਰਾ ਤੇ ਜਾਣ ਵਾਲੇ ਬਜ਼ੁਰਗਾਂ ਅਤੇ ਹੋਰਨਾਂ ਨਾਲ ਬਾਹਰ ਅਤੇ ਬੱਸਾਂ ਦੇ ਅੰਦਰ ਗੱਲਬਾਤ ਕਰਦਿਆਂ ਮੰਤਰੀ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਇੱਕ ਮੁਫ਼ਤ ਧਾਰਮਿਕ ਯਾਤਰਾ ਸਕੀਮ ਹੈ, ਜਿਸ ਦਾ ਉਦੇਸ਼ ਪੰਜਾਬ ਦੇ ਨਾਗਰਿਕਾਂ,ਖ਼ਾਸ ਕਰਕੇ ਸੀਨੀਅਰ ਨਾਗਰਿਕਾਂ ਨੂੰ ਬਿਨਾਂ ਆਰਥਿਕ ਬੋਝ ਦੇ ਦੇਸ਼ ਦੇ ਪਮੁੱਖ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ।

ਇਹ ਯੋਜਨਾ 2023 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ ਬਾਅਦ ਵਿੱਚ ਇਸ ਦਾ ਵਿਸਥਾਰ ਕੀਤਾ ਗਿਆ,ਯੋਜਨਾ ਦੇ ਮੁੱਖ ਉਦੇਸ਼ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪੰਜਾਬ ਵਾਸੀਆਂ ਨੂੰ ਮੁਫ਼ਤ ਤੀਰਥ ਯਾਤਰਾ ਦੀ ਸਹੂਲਤ ਦੇਣਾ ਸ਼ਰ ਧਰਮ ਅਤੇ ਹਰ ਵਰਗ ਦੇ ਲੋਕਾਂ ਨੂੰ ਬਰਾਬਰ ਮੌਕਾ ਦਿੱਤਾ ਜਾਂਦਾ ਹੈ ਕਿਸੇ ਨਾਲ ਕੋਈ ਪੱਖਪਾਤ ਨਹੀਂ ਕੀਤਾ ਜਾਂਦਾ ਆਰਥਿਕ ਤੌਰ ਤੋਂ ਕਮਜ਼ੋਰ ਲੋਕਾਂ ਨੂੰ ਵੀ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ, ਉਹਨਾਂ ਕਿਹਾ ਕਿ ਉਕਤ ਤੀਰਥ ਯਾਤਰਾ ਦਾ ਮੁੱਖ ਉਦੇਸ਼ ਰਾਜ ਦੀ ਸਾਂਝੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਆਪਣੇ ਧਰਮ ਤੇ ਸੱਭਿਆਚਾਰ ਨਾਲ ਜੜਨਾ ਹੈ। ਯਾਤਰਾ ਦਾ ਪੂਰਾ ਖ਼ਰਚਾ ਪੰਜਾਬ ਸਰਕਾਰ ਵੱਲੋਂ ਚੁਕਾਇਆ ਜਾਂਦਾ ਹੈ। ਉਕਤ ਯਾਤਰਾ ਦੇ ਦੌਰਾਨ ਏ.ਸੀ. ਬੱਸਾਂ ,ਰਹਿਣ, ਖਾਣ-ਪੀਣ ਅਤੇ ਬੁਨਿਆਦੀ ਡਾਕਟਰੀ ਸਹੂਲਤਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ। ਇਸ ਉਪਰੰਤ ਪੱਤਰਕਾਰਾਂ ਦੇ ਰੁਬਰੂ ਹੁੰਦਿਆਂ ਮੰਤਰੀ ਗੋਇਲ ਨੇ ਕਿਹਾ ਕਿ ਜਿੱਥੇ ਪੰਜਾਬ ਦੀ ÷ਆਪ÷ ਸਰਕਾਰ ਲੋਕਾਂ ਨੂੰ ਧਰਮ ਤੇ ਸੱਭਿਆਚਾਰ ਨਾਲ ਜੋੜ ਰਹੀ ਹੈ ਉੱਥੇ ਹੀ ਵਿਰੋਧੀ ਪਾਰਟੀਆਂ ਵਾਲੇ ਲੋਕਾਂ ਨੂੰ ਧਰਮ ਅਤੇ ਜਾਤ ਦੇ ਨਾਂ ਤੇ ਲੜਾ ਕੇ ਸੱਤਾ ਹਾਸਲ ਕਰਨਾ ਚਾਹੁੰਦੇ ਹਨ, ਪਰ ਸ਼ੀਸ਼ਾ ਪੰਜਾਬ ਦੇ ਲੋਕਾਂ ਦੇ ਸਾਹਮਣੇ ਹੈ ਕਿ ਵਿਰੋਧੀਆਂ ਪਾਰਟੀਆਂ ਵਾਲੇ ਜਦੋਂ ਆਪਣੀ ਪਾਰਟੀ ਨੂੰ ਇੱਕ ਜੁੱਟ ਨਹੀਂ ਰੱਖ ਸਕਦੇ ਤਾਂ ਉਹ ਪੰਜਾਬ ਦਾ ਕੀ ਭਲਾ ਕਰਨਗੇ, ਮੰਤਰੀ ਗੋਇਲ ਨੇ ਦਾਅਵਾ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਦਾ ਪੰਜਾਬ ਦੇ ਸਿਆਸੀ ਨਕਸ਼ੇ ਤੋਂ ਨਾਮੋਂ ਨਿਸ਼ਾਨ ਖਤਮ ਹੋ ਜਾਏਗਾ। ਇਸ ਮੌਕੇ ਬੁਟਾਂ ਸਿੰਘ ਸਰਪੰਚ ਆਲਮਪੁਰ, ਮਨਜੀਤ ਸਿੰਘ, ਜੱਗੀ ਸਿੰਘ, ਕਾਕਾ ਸਿੰਘ ਅਲੀਸੂਰ, ਜਵੀਨ ਕੁਮਾਰ,ਬੱਬੂ ਸਰਪੰਚ ਗੁਰਨੇ ਕਲਾਂ,ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਦਰਬਾਰਾ ਸਿੰਘ ਹੈਪੀ, ਰਤਨ ਸ਼ਰਮਾ, ਯੂਥ ਆਗੂ ਅਜੇ ਕੁਮਾਰ ਠੇਲੀ, ਮੇਘ ਰਾਜ, ਪ੍ਰਵੀਨ ਕੁਮਾਰ ਟਿਕਾ ਓ ਐਸ ਡੀ ਰਾਕੇਸ਼ ਕੁਮਾਰ ਗੁਪਤਾਲਿਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਲੰਟੀਅਰ ਹਾਜ਼ਰ ਸਨ।

ਫੇਜ਼ 4 ਦੇ ਸਾਮ੍ਹਣੇ ਪੈਂਦੇ ਉਦਯੋਗਿਕ ਖੇਤਰ ਵਿਚਲੇ ਅੰਬਾਂ ਵਾਲੇ ਪਾਰਕ ਵਿੱਚ ਸਫਾਈ ਦਾ ਮੰਦਾ ਹਾਲ

ਹਰ ਪਾਸੇ ਖਿੱਲਰੇ ਨੇ ਸੁੱਕੇ ਪੱਤੇ, ਹਵਾ ਵਿੱਚ ਉਡ ਰਹੇ ਨੇ ਖਾਲੀ ਲਿਫ਼ਾਫ਼ੇ

ਐਸ.ਏ.ਐਸ. ਨਗਰ, 4 ਜੁਲਾਈ
(ਪੈਗਾਮ-ਏ-ਜਗਤ)

ਸਥਾਨਕ ਫੇਜ਼ 4 ਦੇ ਸਾਹਮਣੇ ਪੈਂਦੀ ਉਦਯੋਗਿਕ ਖੇਤਰ ਵਾਲੀ ਗ੍ਰੀਨ ਬੇਲਟ (ਅੰਬਾਂ ਵਾਲੇ ਪਾਰਕ) ਵਿੱਚ ਸਫਾਈ ਦਾ ਬਹੁਤ ਮੰਦਾ ਹਾਲ ਹੈ। ਪਾਰਕ ਦੀ ਹਾਲਤ ਨੂੰ ਵੇਖ ਕੇ ਲੱਗਦਾ ਹੈ ਕਿ ਜਿਵੇਂ ਇਸ ਪਾਰਕ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਸਫਾਈ ਨਹੀਂ ਹੋਈ।

ਇਸ ਪਾਰਕ ਵਿੱਚ ਹਰ ਪਾਸੇ ਸੁੱਕੇ ਪੱਤਿਆਂ ਦੀ ਭਰਮਾਰ ਹੈ। ਪਾਰਕ ਵਿੱਚ ਹਰ ਪਾਸੇ ਪਲਾਸਟਿਕ ਦੇ ਖਾਲੀ ਲਿਫ਼ਾਫ਼ੇ ਖਿੱਲਰੇ ਪਏ ਹਨ, ਜੋ ਤੇਜ਼ ਹਵਾ ਚੱਲਣ ਕਾਰਨ ਹਵਾ ਵਿੱਚ ਉੱਡਣ ਲੱਗਦੇ ਹਨ। ਇਸ ਤੋਂ ਇਲਾਵਾ ਇਸ ਪਾਰਕ ਵਿੱਚ ਹੋਰ ਵੀ ਗੰਦਗੀ ਪਈ ਹੈ। ਅੰਬਾਂ ਵਾਲਾ ਪਾਰਕ ਦੀ ਹਾਲਤ ਵੇਖ ਕੇ ਇਸ ਤਰ੍ਹਾਂ ਲੱਗਦਾ ਹੈ ਕਿ ਪ੍ਰਸ਼ਾਸਨ ਵੱਲੋਂ ਇਸ ਪਾਰਕ ਦੀ ਕੋਈ ਦੇਖਭਾਲ ਨਹੀਂ ਕੀਤੀ ਜਾ ਰਹੀ ਹੈ ਅਤੇ ਇਸ ਪਾਰਕ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।

ਸ਼ਹਿਰ ਵਾਸੀਆਂ ਦਾ ਕਹਿਣਾ ਹੈ ਕਿ ਹੁਣ ਤਾਂ ਸਰਕਾਰ, ਵਿਧਾਇਕ ਅਤੇ ਮੇਅਰ ਇੱਕੋ ਪਾਰਟੀ ਦੇ ਹਨ, ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਨੂੰ ਸ਼ਹਿਰ ਦੇ ਵਿਕਾਸ ਕੰਮ ਕਰਵਾਉਣ ਦੇ ਨਾਲ ਨਾਲ ਪਾਰਕਾਂ ਦੀ ਦੇਖ ਭਾਲ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਪਰ ਅੰਬਾਂ ਵਾਲੇ ਪਾਰਕ ਦੀ ਹਾਲਤ ਵੇਖ ਕੇ ਇਸ ਦੀ ਹਾਲਤ ਉੱਪਰ ਤਰਸ ਆਉਂਦਾ ਹੈ। ਇਸ ਪਾਰਕ ਦੀ ਦੁਰਦਸ਼ਾ ਵੇਖ ਕੇ ਵਾਤਾਵਰਣ ਪ੍ਰੇਮੀ ਅਤੇ ਸ਼ਹਿਰ ਵਾਸੀ ਨਿਰਾਸ਼ ਹਨ ਅਤੇ ਉਹਨਾਂ ਵਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਅੰਬਾਂ ਵਾਲਾ ਪਾਰਕ ਦੀ ਤੁਰੰਤ ਸਫਾਈ ਕਰਵਾਈ ਜਾਵੇ ਅਤੇ ਇਸ ਦੀ ਹਾਲਤ ਵਿੱਚ ਸੁਧਾਰ ਲਿਆਂਦਾ ਜਾਵੇ।

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਵਲੋਂ 8 ਜੁਲਾਈ ਨੂੰ ਵਿਧਾਇਕ ਦਫਤਰ ਦੇ ਘਿਰਾਓ ਦਾ ਐਲਾਨ

ਐਸ.ਏ.ਐਸ. ਨਗਰ, 4 ਜੁਲਾਈ
(ਪੈਗਾਮ-ਏ-ਜਗਤ)

ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਸਾਂਝਾ ਮੁਲਾਜ਼ਮ ਮੰਚ ਵਲੋਂ 8 ਜੁਲਾਈ ਨੂੰ ਹਲਕਾ ਵਿਧਾਇਕ ਦੇ ਦਫਤਰ ਦੇ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਸੰਬੰਧੀ ਫੈਸਲਾ ਸੰਸਥਾ ਦੇ ਸੂਬਾਈ ਕਨਵੀਨਰ ਸੁਖਦੇਵ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਕੀਤਾ ਗਿਆ ਹੈ। ਮੀਟਿੰਗ ਵਿੱਚ ਜ਼ਿਲ੍ਹਾ ਮੁਹਾਲੀ ਦੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਵੱਖ-ਵੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਮੌਬਰ ਚੁਣਿਆ ਗਿਆ।

ਸੂਬਾਈ ਕਨਵੀਨਰ ਸੁਖਦੇਵ ਸਿੰਘ ਸੈਣੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਆਪਣੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਅਣਗੌਲਿਆ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਿਛਲੇ ਤਨਖ਼ਾਹ ਕਮਿਸ਼ਨਾਂ ਵੱਲੋਂ ਦਿੱਤੇ ਲਾਭ ਵਾਪਸ ਲੈ ਰਹੀ ਹੈ ਅਤੇ ਅਦਾਲਤਾਂ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਹੱਕ ਵਿੱਚ ਦਿੱਤੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਬਜਾਏ ਉਨ੍ਹਾਂ ਖ਼ਿਲਾਫ਼ ਅਪੀਲਾਂ ਦਾਇਰ ਕਰ ਰਹੀ ਹੈ। ਉਹਨਾਂ ਦੱਸਿਆ ਕਿ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਜਾਇਜ਼ ਮੰਗਾਂ ਦਾ ਹੱਲ ਨਾ ਕੀਤੇ ਜਾਣ ਦੇ ਰੋਸ ਵਜੋਂ 8 ਜੁਲਾਈ ਨੂੰ ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਦੇ ਦਫ਼ਤਰ ਦਾ ਸਾਂਝੇ ਤੌਰ ਤੇ ਘਿਰਾਓ ਕੀਤਾ ਜਾਵੇਗਾ।

ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਬਿਨਾਂ ਦੇਰੀ ਪੂਰੀ ਤਰ੍ਹਾਂ ਬਹਾਲ ਕੀਤਾ ਜਾਵੇ, ਪੰਜਵੇਂ ਤਨਖ਼ਾਹ ਕਮਿਸ਼ਨ ਅਧੀਨ ਖੋਹੇ ਗਏ ਗ੍ਰੇਡ-ਪੇ ਦੇ ਲਾਭ ਬਿਨਾਂ ਕਿਸੇ ਪੁਰਾਣੇ ਕੇਸ ਦਿੱਤੇ ਜਾਣ, ਕੱਚੇ, ਫਰਕਚਾਰਜ ਅਤੇ ਐਨਲਿਸਟਮੈਂਟ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ ਅਤੇ ਆਂਗਣਵਾੜੀ, ਮਿਡ-ਡੇ-ਮੀਲ ਅਤੇ ਆਸ਼ਾ ਵਰਕਰਾਂ ਨੂੰ ਬਣਦੇ ਮਾਣਭੱਤੇ ਦਿੱਤੇ ਜਾਣ। ਆਗੂਆਂ ਨੇ ਦੋਸ਼ ਲਾਇਆ ਕਿ ਪੇਂਡੂ ਭੱਤੇ, ਬਾਰਡਰ ਭੱਤੇ ਸਮੇਤ 37 ਤਰ੍ਹਾਂ ਦੇ ਭੱਤੇ ਬੰਦ ਕਰ ਦਿੱਤੇ ਗਏ ਹਨ। ਛੇਵੇਂ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀਆਂ ਗਈਆਂ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਨਹੀਂ ਦਿੱਤਾ ਗਿਆ ਅਤੇ 18 ਫ਼ੀਸਦੀ ਮਹਿੰਗਾਈ ਭੱਤੇ ਸਮੇਤ ਪਿਛਲੀਆਂ ਕਿਸ਼ਤਾਂ ਦਾ ਬਕਾਇਆ ਵੀ ਅਜੇ ਤੱਕ ਜਾਰੀ ਨਹੀਂ ਕੀਤਾ ਗਿਆ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੀਤਾ ਤਾਂ ਸੂਬਾ ਪੱਧਰ ਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਫੇਜ਼ 3 ਬੀ 1 ਵਿੱਚ ਬਣ ਰਹੇ ਬੈਡਮਿੰਟਨ ਕੋਰਟ ਦਾ ਆਕਾਰ ਵਧਾ ਕੇ ਸਾਲਾਂ ਪੁਰਾਣੇ ਦਰਖ਼ਤ ਵੀ ਵਿੱਚ ਲਏ

ਐਸ.ਏ.ਐਸ. ਨਗਰ, 4 ਜੁਲਾਈ
(ਪੈਗਾਮ-ਏ-ਜਗਤ)

ਸਥਾਨਕ ਫੇਜ਼ 3 ਬੀ 1 ਦੇ ਫੇਜ਼ 7 ਨਾਲ ਲੱਗਦੇ ਖੇਤਰ ਵਿੱਚ ਪੈਂਦੀਆਂ 10 ਮਰਲਾ ਕੱਠੀਆਂ ਦੇ ਨਾਲ ਪੈਂਦੇ ਛੋਟੇ ਪਾਰਕ ਵਿੱਚ ਨਗਰ ਨਿਗਮ ਵਲੋਂ ਬਣਾਏ ਜਾ ਰਹੇ ਬੈਡਮਿੰਟਨ ਕੋਰਟ ਦਾ ਆਕਾਰ

- ਵਸਨੀਕਾਂ ਵਲੋਂ ਦਰਖਤਾਂ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਮੰਗ

ਪਹਿਲਾਂ ਦੇ ਮੁਕਾਬਲੇ ਵੱਡਾ ਕੀਤੇ ਜਾਣ ਅਤੇ ਇਸ ਪਾਰਕ ਵਿੱਚ ਕਈ ਸਾਲਾਂ ਤੋਂ ਲੱਗੇ ਦੋ ਵੱਡੇ ਦਰਖਤਾਂ ਨੂੰ ਵਿੱਚ ਲੈ ਲਏ ਜਾਣ ਤੋਂ ਬਾਅਦ ਹੁਣ ਇਹਨਾਂ ਦਰਖਤਾਂ ਨੂੰ ਵੱਢੇ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ। ਸਥਾਨਕ ਵਸਨੀਕ ਸ. ਗੁਰਦੀਪ ਸਿੰਘ ਨੇ ਦੱਸਿਆ ਕਿ ਇਸ ਥਾਂ ਤੇ ਨਗਰ ਨਿਗਮ ਦੇ ਪਿਛਲੇ

ਕਾਰਜਕਾਲ ਦੌਰਾਨ ਇਸ ਪਾਰਕ ਵਿੱਚ ਬੈਡਮਿੰਟਨ ਕੋਰਟ ਬਣਾਉਣ ਦਾ ਮਤਾ ਪਾਸ ਕੀਤਾ ਗਿਆ ਸੀ ਅਤੇ ਇੱਥੇ ਇਸਦਾ ਕੰਮ ਚਲ ਰਿਹਾ ਹੈ। ਉਹਨਾਂ ਕਿਹਾ ਕਿ ਪਹਿਲਾਂ ਇਸ ਬੈਡਮਿੰਟਨ ਦੇ ਮੈਦਾਨ ਵਾਸਤੇ ਜਿਹੜੀ ਥਾਂ ਲਈ ਗਈ ਸੀ ਉਸ ਵਿੱਚ ਕੋਈ ਪੇੜ ਨਹੀਂ ਸੀ ਅਤੇ ਮੁਹੱਲਾ ਵਾਲਿਆਂ ਨੂੰ ਕੋਈ ਇਤਰਾਜ਼ ਵੀ ਨਹੀਂ ਸੀ ਪਰੰਤੂ ਬੀਤੇ ਦਿਨ ਬੈਡਮਿੰਟ ਕੋਰਟ ਬਣਾਉਣ ਵਾਲਿਆਂ ਵਲੋਂ ਇਸਦਾ ਖੇਤਰਫਲ ਵਧਾ ਕੇ ਦੋ ਵੱਡੇ ਪੇੜ ਇਸਦੇ ਵਿੱਚ ਲੈ ਲਏ ਗਏ ਹਨ ਜਿਸ ਨਾਲ ਇਹਨਾਂ ਦੋਵਾਂ ਦਰਖਤਾਂ ਦੇ ਕੱਟੇ ਜਾਣ ਦਾ ਖਤਰਾ ਪੈਦਾ ਹੋ ਗਿਆ ਹੈ।

ਉਹਨਾਂ ਕਿਹਾ ਕਿ ਉਹ ਬੈਡਮਿੰਟਨ ਕੋਰਟ ਦੇ ਖਿਲਾਫ਼ ਨਹੀਂ ਹਨ ਪਰੰਤੂ ਉਹਨਾਂ ਦੀ ਮੰਗ ਹੈ ਕਿ ਇਸ ਕਾਰਨ ਇੱਥੇ ਲੱਗੇ ਦਰਖਤਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ। ਉਹਨਾਂ ਮੰਗ ਕੀਤੀ ਹੈ ਕਿ ਬੈਡਮਿੰਟਨ ਕੋਰਟ ਦੀ ਉਸਾਰੀ ਕਰਵਾਉਣ ਦੌਰਾਨ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਹਨਾਂ ਦਰਖਤਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਣ ਦਿੱਤਾ ਜਾਵੇਗਾ।

ਇਸ ਸੰਬੰਧੀ ਸੰਪਰਕ ਕਰਨ ਤੇ ਵਾਰਡ ਨੰਬਰ 6 ਦੇ ਕੌਂਸਲਰ ਡਾ. ਸੰਨੀ ਸਿੰਘ ਆਹਲੂਵਾਲੀਆ ਨੇ ਕਿਹਾ ਕਿ ਇਸ ਥਾਂ ਤੇ ਬਣਾਏ ਜਾ ਰਹੇ ਬੈਡਮਿੰਟਨ ਕੋਰਟ ਦਾ ਆਕਰ ਵਧਾਏ ਜਾਣ ਦਾ ਮਾਮਲਾ ਉਹਨਾਂ ਦੀ ਜਾਣਕਾਰੀ ਵਿੱਚ ਹੈ। ਉਹਨਾਂ ਕਿਹਾ ਕਿ ਉਹ ਵਸਨੀਕਾਂ ਨੂੰ ਯਕੀਨ ਵਿਵਾਉਂਦੇ ਹਨ ਕਿ ਬੈਡਮਿੰਟਨ ਕੋਰਟ ਦੀ ਉਸਾਰੀ ਕਾਰਨ ਕਿਸੇ ਵੀ ਦਰਖਤ ਨੂੰ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਸੰਪਰਕ ਕਰਨ ਤੇ ਨਗਰ ਨਿਗਮ ਦੇ ਮੇਅਰ ਸਰਬਜੀਤ ਸਿੰਘ ਸਮਾਣਾ ਨੇ ਕਿਹਾ ਕਿ ਇਹ ਮਾਮਲਾ ਉਹਨਾਂ ਦੀ ਜਾਣਕਾਰੀ ਵਿੱਚ ਨਹੀਂ ਹੈ ਅਤੇ ਉਹ ਇਸਦੀ ਜਾਂਚ ਕਰਵਾਉਣਗੇ।

ਮੁਹਾਲੀ ਕਲੱਬ ਅਤੇ ਗੋਲਫ ਐਵੀਨਿਊ ਵਿਚਲੀ ਸੜਕ ਦੇ ਦੋਹਾਂ ਪਾਸਿਆਂ ਦੇ ਫੁੱਟਪਾਥ ਤੋਂ ਨਾਜਾਇਜ਼ ਕਬਜ਼ੇ ਖਤਮ ਕਰਵਾਏ ਨਿਗਮ : ਕੈਪਟਨ ਕਰਨੈਲ ਸਿੰਘ

ਐਸ.ਏ.ਐਸ. ਨਗਰ, 4 ਜੁਲਾਈ
(ਪੈਗਾਮ-ਏ-ਜਗਤ)

ਸਮਾਜ ਸੇਵੀ ਕੈਪਟਨ ਕਰਨੈਲ ਸਿੰਘ ਨੇ ਨਗਰ ਨਿਗਮ ਦੇ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਮੁਹਾਲੀ ਦੇ ਫੇਜ਼ 11 ਵਿੱਚ ਪੈਂਦੇ ਮੁਹਾਲੀ ਕਲੱਬ ਅਤੇ ਬੀਚਰਸੀ ਗੋਲਫ ਐਵੀਨਿਊ ਦੇ ਦਰਮਿਆਨ ਦੋਹਾਂ ਪਾਸਿਆਂ ਦੇ ਫੁੱਟਪਾਥ ਤੋਂ ਨਾਜਾਇਜ਼ ਕਬਜ਼ੇ ਖਤਮ ਕਰਵਾਏ ਜਾਣ। ਕੈਪਟਨ ਕਰਨੈਲ ਸਿੰਘ ਨੇ ਕਿਹਾ ਕਿ ਮੁਹਾਲੀ ਕਲੱਬ ਅਤੇ ਉਸਦੇ ਸਾਹਮਣੇ ਬਣੀ ਗੋਲਫ ਐਵਨਿਊ ਦੇ ਦਰਮਿਆਨ ਪੈਦੀ ਸੜਕ ਦੇ ਦੋਵਾਂ ਪਾਸਿਆਂ ਤੇ ਮ